27-March-PAGE-9.qxd 3/26/2023 10:15 PM Page 2

ਸੋਮਵਾਰ, 27 ਮਾਰਚ, 2023
14 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 295

ਨਵਾਂ ਜ਼ਮਾਨਾ

DAILY NAWAN ZAMANA • MONDAY, 27 MARCH 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਜਨਰਲ ਮੈਨੇਜ਼ਰ 0181-5097303
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਸਮਾਚਾਰ ਵਿਭਾਗ 0181-5097306
ਸੰਪਾਦਕ 0181-5097307
ਫ਼ੈਕਸ ਇਸ਼ਤਿਹਾਰ 0181-2222409
ਫ਼ੈਕਸ ਖ਼ਬਰਾਂ 0181-2240280
E-mail : nawanzamana@gmail.com

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫੇ : 12

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਵਿਸ਼ੇਸ਼ ਸਪਲੀਮੈਂਟ

ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ

(ਬਟਾਲਾ, ਟਾਂਡਾ ਤੇ ਗੁਰਦਾਸਪੁਰ ਤੋਂ 27 ਕਿ.ਮੀ.), (ਗੁਰਦਾਸਪੁਰ ਤੋਂ ਸ੍ਰੀ ਹਰਗੋਬਿੰਦਪੁਰ ਰੋਡ, ਨੇੜੇ ਹਰਚੋਵਾਲ)

ਪਿਛਲੇ 47 ਸਾਲਾਂ ਤੋਂ ਚੱਲ ਰਹੇ ਹੋਸਟਲ ਵਿੱਚ ਬੀ ਏ ਅਤੇ ਬੀ ਸੀ ਏ ਲਈ ਲੋੜਵੰਦ ਅਤੇ ਧਾਰਮਿਕ ਮਾਹੌਲ ਵਿੱਚ ਰਹਿ ਕੇ ਵਿਦਿਆ ਪ੍ਰਾਪਤ ਕਰਨ ਦੀਆਂ ਚਾਹਵਾਨ ਬੇਟੀਆਂ ਬਿਲਕੁਲ ਮੁਫਤ ਦਾਖਲਾ ਪ੍ਰਾਪਤ ਕਰ ਸਕਦੀਆਂ ਹਨ।

ਕਾਲਜ ਵਿੰਚ ਹੋਸਟਲ ਤੇ ਪੜ੍ਹਾਈ ਬਿਲਕੁਲ ਮੁਫਤ ਹੈ

(ਦਾਖਲਾ : ਦਾਖਲਾ ਟੈਸਟ ਅਤੇ ਜੋ ਪਹਿਲਾਂ ਆਏ ਸੋ ਦਾਖਲਾ ਪਹਿਲਾਂ ਪਾਏ ਅਧੀਨ)
ਬੀ ਸੀ ਏ ਵਿੱਚ ਸਿਰਫ ਪੜ੍ਹਾਈ ਦਾ ਮਾਮੂਲੀ ਖਰਚਾ ਹੈ, ਜੋ ਵੀ ਇਮਾਨਦਾਰੀ ਨਾਲ ਲੋੜਵੰਦ ਨੂੰ ਮੁਆਫ ਕੀਤਾ ਜਾ ਸਕਦਾ ਹੈ।
ਬੀ ਏ-1 ਕੁੱਲ ਹੋਸਟਲ ਲਈ ਸੀਟਾਂ 30 (ਬੀ ਏ 2 ਅਤੇ 3 ਕੋਈ ਸੀਟ ਨਹੀਂ)
ਬੀ ਸੀ ਏ 1 ਕੁੱਲ ਹੋਸਟਲ ਲਈ ਸੀਟਾਂ 20 (ਬੀ ਸੀ ਏ 2 ਅਤੇ 3 ਕੋਈ ਸੀਟ ਨਹੀਂ)

ਸਕੂਲ ਹੋਸਟਲ 6ਵੀਂ ਤੋਂ 12ਵੀਂ ਲਈ ਮਾਮੂਲੀ ਤੇ ਨਾ-ਮਾਤਰ ਖਰਚੇ ਨਾਲ ਦਾਖਲਾ ਸ਼ੁਰੂ ਹੈ

6ਵੀਂ ਹੋਸਟਲ ਉਪਲਬੱਧ ਸੀਟਾਂ 20, 7ਵੀਂ, 8ਵੀਂ ਹੋਸਟਲ ਉਪਲਬੱਧ ਕ੍ਰਮਵਾਰ ਸੀਟਾਂ 10,8 ਅਤੇ 5ਵੀਂ, 10ਵੀਂ, 11ਵੀਂ ਅਤੇ ਬਾਰ੍ਹਵੀ ਹੋਸਟਲ ਉਪਲਬੱਧ ਕ੍ਰਮਵਾਰ ਸੀਟਾਂ 6, 30 ਅਤੇ 4

98143-78844, 98727-55884, 98152-78844

ਪ੍ਰਿੰਸੀਪਲ ਸਵਰਨ ਸਿੰਘ ਵਿਰਕ

ST. KABIR PUBLIC SCHOOL

Affiliated to C.B.S.E. New Delhi Vide No : 1630414

National Level Achievement in Science & Sports

SALIENT FEATURES
- Co-Educational English Medium
- Well qualified Staff
- Pollution free campus of 8 acres
- Well furnished Laboratories and Library
- Teacher, Student Ratio 1.30
- Wi-Fi Connectivity
- Play-Way system for Tiny-Tots
- Computer Education from class 1
- Door to door Private owners Transport Facility
- Generator back up in case of Power failure
- Teaching through Smart Classes
- C.C. TV Surveillance

Registration & Admission Open
From Classes Nursery to 9th & 10+1
C.B.S.E. Merit Holder
Special Focus on NDA
Med. Non-Med. Com. Streams

N.B. : Admission to Class 8th & 10+1 Will Be Based on Merit List of Entrance Test

SULTANPUR NEAR SATHIALIPUL, GURDASPUR
Ph.: 98766-87771, 84376-97016, 84376-97800

GURU TEG BAHADUR INTERNATIONAL SCHOOL

Affiliated to CISCE for ICSE & ISC, New Delhi & ASU, USA
Online USA High School Diploma for Direct Entry to American Universities Without doing TOFEL and SAT
Admissions open for 10+1 Science & Commerce 2022-23

Salinet Features:
*100% ICSE board result.*Teachers training workshop on regualar basis *Special attention towards week students *Sports field for Badminton, Volleyball, Football, Basketball, Hand Ball, & Athletic etc. (Student Participated State & National level). *Well-equipped laboratories of Biology, Physics, Chemistry & Mathematics. *Computer Lab with internet facilities. *Patents Teachers meeting organized monthly. *Student went to international tour to NASA, USA and National trip to ISRO, Ahmadabad.

Village Kalyanpur, P.O. Dhariwal, Distt-Gurdaspur
Mob : 93161-61636, 75081-00081

S. Tarsem singh, Chaiman | S. Surjeet Singh, MD | Dr. Ravneet Kaur, Principal

ਬਾਬਾ ਅਜੈ ਸਿੰਘ ਖਾਲਸਾ ਕਾਲਜ

ਗੁਰਦਾਸ ਨੰਗਲ, ਜਿਲਾ ਗੁਰਦਾਸਪੁਰ ਕੋ-ਐਜੂਕੇਸ਼ਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
(Affiliated to Guru Nanak Dev University, Amritsar)

+1,+2 Medical, Non-Medical, Commerce & Arts

ਇਲਾਕੇ ਦੇ ਹਰ ਪਿੰਡ ਤੋਂ ਬੱਸ ਸਹੂਲਤ
ਇਲਾਕੇ ਵਿਚ ਸਭ ਤੋਂ ਘੱਟ ਫੀਸਾਂ ਧਾਰੀਵਾਲ ਬੱਸ ਸਟੈਂਡ ਤੋਂ ਕਾਲਜ ਤੱਕ ਫ੍ਰੀ ਬੱਸ ਸੇਵਾ

ਅੰਮ੍ਰਿਤਧਾਰੀ ਬੱਚੇ-SC/BC-ਮਨਿਊਰਟੀ ਕਮਜੋਰ ਵਰਗ ਵਜੀਫਾ

Courses From Guru Nanak Dev University Amritsar
BCA, BA, BSc Medical-Non Medical B.Com, Bsc Computer Science -Economics, PGDCA, DCA, Dip. in Stitching & Tailoring

Advocate Harjinder Singh Dhami, President SGPC | S. Sukhminder Singh, Sec. Education SGPC | Gurjit Singh, Principal

CONTACT- 9888999791

ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ, ਗੁਰਦਾਸ ਨੰਗਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਧੀਨ ਚੱਲ ਰਿਹਾ ਸੀ ਬੀ ਐੱਸ ਈ ਸਕੂਲ (ਇੰਗਲਿਸ਼ ਮੀਡੀਅਮ)

C.B.S.E., New Delhi (Affiliation No. 1631242)

ਵਿਸ਼ੇਸ਼ਤਾਈਆਂ : ਖੁੱਲ੍ਹਾ, ਹਵਾਦਾਰ ਚੌਗਿਰਦਾ ਅਤੇ ਖੇਡ ਮੈਦਾਨ, ਅਨੁਸ਼ਾਸਿਤ ਵਾਤਾਵਰਣ, ਉੱਚ ਸਿੱਖਿਆ ਪ੍ਰਾਪਤ ਤਜ਼ਰਬੇਕਾਰ ਅਤੇ ਮਿਹਨਤੀ ਸਟਾਫ, ਬੋਰਡ ਨਤੀਜੇ ਸੌ ਫੀਸਦੀ, ਵਿਦਿਆਰਥੀਆਂ ਨੂੰ ਵਿਰਸੇ ਨਾਲ ਜੋੜਨ ਲਈ ਧਾਰਮਿਕ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ, ਬੱਚਿਆਂ ਦੇ ਆਉਣ ਜਾਣ ਲਈ ਟਰਾਂਸਪੋਰਟ ਦਾ ਖਾਸ ਪ੍ਰਬੰਧ, ਆਧੁਨਿਕ ਸਹੂਲਤਾਂ ਨਾਲ ਲੈਸ ਸ਼ਾਨਦਾਰ ਖੁੱਲ੍ਹੀ ਹਵਾਦਾਰ ਬਿਲਡਿੰਗ।
ਸਕੂਲ ਵਿੱਚ ਪੜ੍ਹਦੇ ਸਕੇ ਭੈਣ-ਭਰਾਵਾਂ ਵਿੱਚੋਂ ਦੂਜੇ ਬੱਚੇ ਦੀ ਫੀਸ 'ਚ 50% ਛੋਟ, ਬੋਰਡ ਦੀਆਂ ਕਲਾਸਾਂ ਵਿੱਚੋਂ 85% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਲਈ ਫੀਸ ਵਿੱਚ ਵਿਸ਼ੇਸ਼ ਰਿਆਤ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਐੱਸ ਜੀ ਪੀ ਸੀ | ਸ੍ਰ. ਸੁਖਮਿੰਦਰ ਸਿੰਘ, ਸਕੱਤਰ ਐਜੂਕੇਸ਼ਨ ਐੱਸ ਜੀ ਪੀ ਸੀ | ਬੀਬੀ ਸਤਵੰਤ ਕੌਰ ਅਸਿਸਟੈਂਟ ਡਾਇਰੈਕਟਰ ਐਜੂਕੇਸ਼ਨ ਐੱਸ ਜੀ ਪੀ ਸੀ

ਸਿੱਖਿਆ ਦਾ ਮੰਤਵ ਸਾਡੇ ਲਈ ਅੱਖਰ ਗਿਆਨ ਦੇ ਨਾਲ-ਨਾਲ ਸਰਵਪੱਖੀ ਵਿਕਾਸ ਹੈ

Admission Open

BRIGHT FUTURE ACADEMY

C.B.S.E. PATTERN (ENGLISH MEDIUM)
RAJPURA (GURDASPUR)
For Nursery to 8th Std.

ਸਕੂਲ ਦੀਆਂ ਵਿਸ਼ੇਸ਼ਤਾਵਾਂ : Well Educated ਮਿਹਨਤੀ ਤੇ ਤਜਰਬੇਕਾਰ ਸਟਾਫ, Kinder Garten ਕਲਾਸਾਂ ਦੀ Playing Method ਨਾਲ ਪੜ੍ਹਾਈ, ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਖੇਡਾਂ ਵੱਲ ਵਿਸ਼ੇਸ਼ ਧਿਆਨ, ਵਿੱਦਿਆ ਦੀਆਂ ਸਿੱਖਣ ਲਈ ਆਧੁਨਿਕ ਤਕਨੀਕਾਂ ਉਪਲਬੱਧ।

ਕੋਈ ਬੋਰਾ ਨਲਾਇਕ ਨਹੀਂ ਹੁੰਦਾ ਸਿਰਫ ਸਹੀ ਅਗਵਾਈ ਦੀ ਲੋੜ ਹੁੰਦੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98155-46700

ਸੰਦੀਪ ਧਾਰੀਵਾਲ ਭੋਜਾ
ਡਾਇਰੈਕਟਰ (98155-46700)

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

CES **IELTS/PTE** SPOKEN ENGLISH DUOLINGO CES

CANADAIAN EDUCATION SERVICES

ਪਹਿਲਾਂ ਸੈਂਟਰ ਹੈ ਜੋ ਵਜ਼ੀਫੇ ਵੀ ਦੇ ਰਿਹਾ ਹੈ

ਪਹਿਲੇ 50 ਵਿਦਿਆਰਥੀਆਂ ਵਿੱਚੋਂ ਲੱਕੀ ਡਰਾਅ ਕੱਢਿਆ ਜਾਵੇਗਾ, ਜਿਹੜੇ ਵਿਦਿਆਰਥੀ ਦਾ ਇੱਕ ਕੂਪਨ ਨਿਕਲੇਗਾ ਉਸ ਦੀ ਸਾਰੀ ਫ਼ੀਸ ਸੈਂਟਰ ਵੱਲੋਂ ਭਰੀ ਜਾਵੇਗੀ।

Opposite Kewal Vaishno Dhaba G.T. Road Dhariwal
Mob. 9872043269, 7837160066

ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ

ਦੀ ਰਹਿਨੁਮਾਈ ਅਧੀਨ ਚੱਲ ਰਹੇ ਸਿੱਖ ਨੈਸ਼ਨਲ ਕਾਲਜ, ਕਾਦੀਆਂ (ਸਥਾਪਨਾ 1938) ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਯੂਨੀਵਰਸਿਟੀ/ਬੋਰਡ ਵਿੱਚੋਂ ਲਗਾਤਾਰ ਮੈਰਿਟਾਂ ਪ੍ਰਾਪਤ ਕਰਨ ਵਾਲੀਆਂ ਨਕਲ ਰਹਿਤ ਸੰਸਥਾਵਾਂ, ਤਜਰਬੇਕਾਰ ਅਧਿਆਪਕ, ਵਿਸ਼ਾਲ ਕੈਂਪਸ, ਆਧੁਨਿਕ ਕੋਰਸ, ਖੇਡਾਂ ਵਿੱਚ ਖਾਸ ਪ੍ਰਾਪਤੀਆਂ ਤੇ ਵੱਖ-ਵੱਖ ਤਰ੍ਹਾਂ ਦੇ ਵਜ਼ੀਫੇ

ਸ੍ਰ. ਗੁਰਦੇਵ ਸਿੰਘ ਬਰਾੜ, ਆਈ ਏ ਐੱਸ (ਰਿਟਾ.) ਪ੍ਰਧਾਨ ਐੱਸ ਈ ਐੱਸ, ਚੰਡੀਗੜ੍ਹ | ਕਰਨਲ (ਰਿਟਾ.) ਜਸਮੇਰ ਸਿੰਘ ਬਾਲਾ, ਸਕੱਤਰ ਐੱਸ ਈ ਐੱਸ ਚੰਡੀਗੜ੍ਹ | ਡਾ. ਬਲਚਰਨਜੀਤ ਸਿੰਘ ਭਾਟੀਆ, ਸਕੱਤਰ ਸਥਾਨਕ ਕਮੇਟੀ ਸਿੱਖ ਨੈਸ਼ਨਲ ਕਾਲਜ, ਕਾਦੀਆਂ | ਡਾ. ਹਰਪ੍ਰੀਤ ਸਿੰਘ ਹੁੰਦਲ, ਕਾਰਜਕਾਰੀ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਕਾਦੀਆਂ

ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸੀ. ਸੈ. ਸਕੂਲ (ਬੁਰਜ ਸਾਹਿਬ) ਧਾਰੀਵਾਲ

ਅੰਗਰੇਜ਼ੀ ਤੇ ਪੰਜਾਬੀ ਮੀਡੀਅਮ

ਸੰਨ 1948 ਵਿੱਚ ਹੋਂਦ ਵਿੱਚ ਆਇਆ। ਨਰਸਰੀ ਤੋਂ 10+2 (Co-Edu.) ਤੱਕ ਦੀ ਸਸਤੀ ਅਤੇ ਮਿਆਰੀ ਵਿੱਦਿਆ। ਸਕੂਲ ਵਿੱਚ ਪੜ੍ਹੇ ਬੱਚੇ ਵੱਖ-ਵੱਖ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਹਨ। ਜਿਵੇਂ ਕਿ ਡਾਕਟਰ, ਇੰਜੀਨੀਅਰ, ਫੌਜੀ ਅਫਸਰ ਅਤੇ ਵਕੀਲ ਆਦਿ। ਸਕੂਲ ਦਾ ਵਧੀਆ ਵਾਤਾਵਰਣ, ਸਾਇੰਸ, ਕੰਪਿਊਟਰ ਲੈਬ ਅਤੇ ਲਾਇਬ੍ਰੇਰੀ ਦਾ ਖਾਸ ਪ੍ਰਬੰਧ। ਐੱਨ ਸੀ ਸੀ ਸੀਨੀਅਰ ਤੇ ਜੂਨੀਅਰ ਡਵੀਜ਼ਨ। ਖੇਡਾਂ ਦੇ ਖੇਤਰ ਵਿੱਚ ਸਕੂਲ ਦੀ ਹਾਕੀ ਟੀਮ ਲੰਮੇ ਸਮੇਂ ਤੋਂ ਜ਼ਿਲ੍ਹਾ ਜੇਤੂ। ਸਕੂਲ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ। ਭੰਗੜੇ ਦੀਆਂ ਜ਼ਿਲ੍ਹਾ ਤੇ ਪੰਜਾਬ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ।

ਏਅਰ ਮਾਰਸਲ ਰਿਟਾ. ਐੱਮ ਐੱਸ ਬੋਪਾਰਾਏ ਪ੍ਰਧਾਨ | ਸ੍ਰ. ਅਨੂਪ ਸਿੰਘ ਪ੍ਰਿੰਸੀਪਲ | ਡਾ. ਮੁਖਵਿੰਦਰ ਸਿੰਘ ਗਿੱਲ ਮੈਨੇਜਰ

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ

ਮੇਜਰ ਸਿੰਘ ਚਾਹਲ
ਪ੍ਰਿੰਸੀਪਲ
98760-95757

ਵਿਸ਼ੇਸ਼ਤਾਈਆਂ : ਖੁੱਲ੍ਹਾ, ਸ਼ਾਂਤ ਤੇ ਅਨੁਸ਼ਾਸਿਤ ਵਾਤਾਵਰਣ, ਤਜ਼ਰਬੇਕਾਰ ਸਟਾਫ, ਬੋਰਡ ਨਤੀਜੇ ਸੌ ਫੀਸਦੀ, ਗੁਰਬਾਣੀ ਕੀਰਤਨ, ਕਵੀਸ਼ਰ ਅਤੇ ਗੱਤਕੇ ਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ, ਘੱਟ ਗਿਣਤੀ ਮੰਤਰਾਲੇ ਤੋਂ ਹਰ ਸਾਲ ਲੱਖਾਂ ਰੁਪਏ ਦੇ ਵਜ਼ੀਫੇ। ਖੇਡਾਂ ਦਾ ਖਾਸ ਪ੍ਰਬੰਧ, ਖੇਡਾਂ ਵਿੱਚ ਨੈਸ਼ਨਲ ਪੱਧਰ ਦੀਆਂ ਉਪਲੱਬਧੀਆਂ। ਬੱਚਿਆਂ ਦੇ ਆਉਣ ਜਾਣ ਲਈ ਟਰਾਂਸਪੋਰਟ ਦਾ ਖਾਸ ਪ੍ਰਬੰਧ, ਆਧੁਨਿਕ ਸਹੂਲਤਾਂ ਨਾਲ ਲੈਸ ਸ਼ਾਨਦਾਰ ਖੁੱਲੀ ਹਵਾਦਾਰ ਬਿਲਡਿੰਗ। ਸਕੂਲ ਵਿੱਚ ਜੀ ਜੀ ਐੱਸ ਬਾਕਸਿੰਗ ਕਲੱਬ ਦੀ ਸੁਵਿਧਾ।

ਡਾ. ਮਹਿੰਦਰਪਾਲ ਸਿੰਘ ਕਲੇਰ
ਡਾਇਰੈਕਟਰ
94643-78847

ਦਾਖਲਾ ਸ਼ੁਰੂ ਦਾਖਲਾ ਸ਼ੁਰੂ ਦਾਖਲਾ ਸ਼ੁਰੂ ਦਾਖਲਾ ਸ਼ੁਰੂ

ਤੁਹਾਡੇ ਬੱਚਿਆਂ ਦੀ ਰੌਗੀ ਸਿੱਖਿਆ ਵਾਸਤੇ

ਬਾਲ ਵਿਦਿਆ ਮਾਡਲ ਹਾਈ ਸਕੂਲ ਧਾਰੀਵਾਲ

(ਐਫੀਲੀਏਟਡ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੱਕੀ ਮਾਨਤਾ ਪ੍ਰਾਪਤ)
ਕ੍ਰਿਸ਼ਨਾ ਮੰਦਿਰ ਰੋਡ ਸਾਹਮਣੇ ਘਰਾਟ
ਅੰਗਰੇਜ਼ੀ ਮਾਧਿਅਮ/ਇੱਕ ਗੌਰਵਮਈ ਕੋ-ਐਜੂਕੇਸ਼ਨਲ ਸਕੂਲ

ਨਰਸਰੀ ਤੋਂ 10ਵੀਂ ਜਮਾਤਾਂ ਲਈ ਰਜਿਸਟਰੇਸ਼ਨ ਅਤੇ ਦਾਖਲਾ ਸ਼ੁਰੂ ਹੈ

ਮੁੱਖ ਵਿਸ਼ੇਸਤਾਵਾਂ : ਉੱਚ ਸਿੱਖਿਅਤ ਤਜ਼ਰੇਬਕਾਰ M.A, M.Ed, M.Sc., B.Ed ਮਿਹਨਤੀ ਸਟਾਫ ਹੈ, * ਦਾਖਲਾ ਫੀਸ ਅਤੇ ਹਰ ਮਹੀਨੇ ਫੀਸ ਦੂਸਰੇ ਪਬਲਿਕ ਸਕੂਲਾਂ ਅਤੇ ਅਕੈਡਮੀਆਂ ਦੇ ਮੁਕਾਬਲੇ ਘੱਟ ਹੈ ਅਤੇ ਪੜ੍ਹਾਈ ਵਧੇਰੇ ਹੈ। * ਬੱਚਿਆਂ ਦੇ ਆਉਣ-ਜਾਣ ਵਾਸਤੇ ਟਰਾਂਸਪੋਰਟ ਦਾ ਉਚਿਤ ਪ੍ਰਬੰਧ ਹੈ। ਸਕੂਲ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਉਚਿਤ ਪ੍ਰਬੰਧ ਹੈ। * ਜਨਰੇਟਰ ਦਾ ਵੀ ਉਚਿਤ ਪ੍ਰਬੰਧ ਹੈ, * ਸਰੀਰਕ ਵਿਕਾਸ ਅਤੇ ਖੇਡਾਂ ਵੱਲ ਵੀ ਖਿਆਲ ਦਿੱਤਾ ਜਾਂਦਾ ਹੈ।

ਫੋਨ :01874-640072 (ਆਫਿਸ) 99885-17026 (Principal Rupinder Kaur)

ਕੁਲਦੀਪ ਪੂਰੋਵਾਲ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ | ਦਿਲਦਾਰ ਭੰਡਾਰ, ਜ਼ਿਲ੍ਹਾ ਜਨਰਲ ਸਕੱਤਰ | ਅਨਿਲ ਕੁਮਾਰ, ਜ਼ਿਲ੍ਹਾ ਵਿੱਤ ਸਕੱਤਰ

ਗੌਰਮਿੰਟ ਟੀਚਰਜ਼ ਯੂਨੀਅਨ ਗੁਰਦਾਸਪੁਰ

ਸੁਖਵਿੰਦਰ ਸਿੰਘ ਰੰਧਾਵਾ
ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ

ਸਿੱਖਿਆ ਅਤੇ ਸਿਹਤ ਸੇਵਾਵਾਂ ਵੱਲ ਸਰਕਾਰਾਂ ਵਿਸ਼ੇਸ਼ ਧਿਆਨ ਦੇਣ। ਪਿੰਡਾਂ ਦੀਆਂ ਪੰਚਾਇਤਾਂ, ਕਲੱਬਾਂ, ਧਾਰਮਿਕ ਤੇ ਸਮਾਜ ਸੇਵੀ ਜਥੇਬੰਦੀਆਂ ਸਿੱਖਿਆ ਅਤੇ ਸਿਹਤ ਸੇਵਾਵਾਂ ਲਈ ਉਪਰਾਲੇ ਕਰਨਾ ਆਪਣਾ ਫਰਜ਼ ਸਮਝਣ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਨਸ਼ਿਆਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਅਵਾਜ਼ ਉਠਾਉਣ ਅਤੇ ਸਮਾਜ ਭਲਾਈ ਦੇ ਕੰਮ ਕਰਨ ਵਾਲਿਆਂ ਦਾ ਸਹਿਯੋਗ ਦੇਣ ਲਈ ਅੱਗੇ ਆਉਣ। ਮਿਲਾਵਟਖੋਰੀ ਨੂੰ ਠੱਲ੍ਹ ਪਾਉਣ ਲਈ ਉਪਰਾਲੇ ਕਰਨ।

ਡਾ. ਬਿਕਰਮਜੀਤ ਸਿੰਘ ਬਾਜਵਾ (ਏ ਐੱਮ ਓ) ਆਯੁਰਵੈਦਿਕ ਡਿਸਪੈਂਸਰੀ ਪਸਨਾਵਾਲ)

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਅਧਿਆਪਕ ਗੁਰਮਿੰਦਰ ਸਿੰਘ ਧਾਲੀਵਾਲ ਸਮਾਜ ਸੇਵੀ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਜਗਮੋਹਨ ਸਿੰਘ ਮੱਲ੍ਹੀ
ਮੈਨੇਜਿੰਗ ਡਾਇਰੈਕਟਰ

Guru Nanak Transport Bromton Canada

ਪੰਜਾਬ ਰਾਜ ਫਾਰਮੇਸੀ ਅਫਸਰ ਐਸੋਸੀਏਸ਼ਨ

ਸ੍ਰ. ਸਰਬਜਿੰਦਰ ਸਿੰਘ ਚਾਹਲ ਫਾਰਮੇਸੀ ਅਫਸਰ (ਸੂਬਾ ਸੀ. ਮੀਤ ਪ੍ਰਧਾਨ)

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ 'ਨਵਾਂ ਜ਼ਮਾਨਾ' ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਸ੍ਰ. ਗੁਰਜਿੰਦਰ ਸਿੰਘ ਸੰਧੂ ਸੀ. ਫਾਰਮੇਸੀ ਅਫਸਰ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪ

27-MAR-PAGE-10.qxd 3/26/2023 9:10 PM Page 1

ਠੇਕੇਦਾਰ ਵੱਲੋਂ ਅੱਧ-ਵਿਚਕਾਰ ਛੱਡੇ ਕੰਮ ਨੂੰ ਲੈ ਕੇ ਮੁਹੱਲਾ ਵਾਸੀ ਪ੍ਰੇਸ਼ਾਨ

ਬਰੇਟਾ (ਰੀਤਵਾਲ)

ਪਿਛਲੇ ਕਈ ਦਿਨਾਂ ਤੋਂ ਵਾਰਡ ਨੰਬਰ 10 ਪੁਰਾਣੇ ਡੀ.ਏ.ਵੀ ਸਕੂਲ ਦੇ ਨਜ਼ਦੀਕ ਮੁਹੱਲੇ ਦੇ ਲੋਕਾਂ 'ਚ ਠੇਕੇਦਾਰ ਖਿਲਾਫ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਮੁਹੱਲਾ ਵਾਸੀ ਬਿੱਟੂ ਰਾਮ ਤੇ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਠੇਕੇਦਾਰ ਵੱਲੋਂ ਸਾਡੇ ਮੁਹੱਲੇ 'ਚ ਬਣੀਆਂ ਨਾਲੀਆਂ ਨੂੰ ਬੰਦ ਕਰਕੇ ਨਿਕਾਸੀ ਵਾਲੀਆਂ ਪਾਈਪਾਂ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕੌਂਸਲ ਤੇ ਠੇਕੇਦਾਰ ਨੇ ਬਿਨਾਂ ਕਿਸੇ ਨੋਟਿਸ ਦਿੱਤੇ ਸਾਡੇ ਮੁੱਹਲੇ 'ਚ ਪਾਇਪਾਂ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਸਾਡੇ ਘਰਾਂ ਅੱਗੇ ਬਣੀਆਂ ਚੌਕੜੀਆਂ ਨੂੰ ਭੰਨ ਕੇ ਉਨ੍ਹਾਂ ਵਿੱਚੋਂ ਨਿਕਲੇ ਕੀਮਤੀ ਮਲਬੇ ਨੂੰ ਚੁੱਕ ਲਿਆ। ਵਾਰਡ ਵਾਸੀਆਂ ਨੇ ਕਿਹਾ ਕਿ ਮੁਹੱਲੇ 'ਚ ਕੁੱਝ ਘਰ ਅਜਿਹੇ ਵੀ ਹਨ, ਜੋ ਹੁਣ ਨਵੇਂ ਸਿਰੇ ਤੋਂ ਚੌਕੜੀਆਂ ਨਹੀਂ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਠੇਕੇਦਾਰ ਵੱਲੋਂ ਪਾਏ ਗਏ ਇਸ ਖਿਲਾਰੇ ਤੇ ਅੱਧ ਵਿਚਕਾਰ ਛੱਡੇ ਕੰਮ ਨੂੰ ਲੈ ਕੇ ਲੋਕ ਭਾਰੀ ਸੱਟਾਂ ਖਾਣ ਲਈ ਮਜਬੂਰ ਹਨ। ਬਿੱਟੂ ਰਾਮ ਨੇ ਕਿਹਾ ਕਿ ਬੀਤੇ ਦਿਨ ਇਨ੍ਹਾਂ ਟੁੱਟੀਆਂ ਚੌਕੜੀਆਂ ਦੇ ਕਾਰਨ ਮੁਹੱਲਾ ਵਾਸੀ ਰਘਵੀਰ ਸਿੰਘ ਦੇ ਪੈਰ 'ਤੇ ਕਾਫੀ ਸੱਟ ਲੱਗ ਗਈ ਸੀ, ਜੋ ਹੁਣ ਮਹਿੰਗੇ ਭਾਅ 'ਤੇ ਇਲਾਜ ਕਰਵਾ ਰਿਹਾ ਹੈ ਅਤੇ ਠੇਕੇਦਾਰ ਨੂੰ ਇਸ ਦਾ ਜ਼ੁੰਮੇਵਾਰ ਠਹਿਰਾਅ ਰਿਹਾ ਹੈ। ਮੁੱਹਲਾ ਵਾਸੀਆਂ ਨੇ ਕਿਹਾ ਕਿ ਠੇਕੇਦਾਰ ਵੱਲੋਂ ਚੱਲ ਰਹੇ ਕੰਮ ਨੂੰ ਅੱਧ ਵਿਚਕਾਰ ਛੱਡ ਕੇ ਲੋਕਾਂ ਨੂੰ ਜਾਣਬੁਝ ਕੇ ਜ਼ਲੀਲ ਕੀਤਾ ਜਾ ਰਿਹਾ ਹੈ। ਲੋਕਾਂ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਠੇਕਦਾਰ ਵੱਲੋਂ ਇਸ ਕੰਮ ਨੂੰ ਸ਼ੁਰੂ ਕਰਕੇ ਜਲਦ ਨਪੇਰੇ ਨਹੀਂ ਚਾੜ੍ਹਿਆ ਗਿਆ ਤਾਂ ਆਉਣ ਵਾਲੇ ਦਿਨਾਂ 'ਚ ਪ੍ਰਸ਼ਾਸਨ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਜਦ ਇਸ ਮਾਮਲੇ ਨੂੰ ਲੈ ਕੇ ਠੇਕੇਦਾਰ ਵਿੱਕੀ ਸਿੰਗਲਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਦੋ-ਚਾਰ ਦਿਨਾਂ ਦੇ ਅੰਦਰ ਹੀ ਕੰਮ ਨੂੰ ਸ਼ੁਰੂ ਕੀਤਾ ਜਾ ਰਿਹਾ ਹੈ।

ਅੱਧ ਵਿਚਕਾਰ ਰੁਕੇ ਕੰਮ, (ਇਨਸੈੱਟ) ਜ਼ਖਮੀ ਹੋਇਆ ਰਘਵੀਰ ਸਿੰਘ।

ਸਰਕਾਰ ਗਿਰਦਾਵਰੀ ਤੋਂ ਪਹਿਲਾਂ ਮੁਆਵਜ਼ਾ ਦੇ ਕੇ ਕਿਸਾਨ ਹਮਾਇਤੀ ਹੋਣ ਦਾ ਸਬੂਤ ਦੇਵੇ : ਭੂੰਦੜ

ਸਰਦੂਲਗੜ੍ਹ (ਅਵਤਾਰ ਜਟਾਣਾਂ)-ਹਲਕੇ ਦੇ ਦਰਜਨਾਂ ਪਿੰਡਾਂ ਅਤੇ ਪੰਜਾਬ ਦੇ ਵੱਖ ਵੱਖ ਕੋਨਿਆਂ 'ਚ ਬੇਮੌਸਮੀ ਮੀਂਹ, ਝੱਖੜ, ਗੜਿਆਂ ਨੇ ਕਿਸਾਨਾਂ ਦੀ ਫਸਲ ਦਾ ਬਹੁਤ ਨੁਕਸਾਨ ਕਰ ਦਿੱਤਾ ਹੈ, ਜਿਸ ਕਰਕੇ ਕਿਸਾਨਾਂ ਦਾ ਭਾਰੀ ਮਾਲੀ ਨੁਕਸਾਨ ਹੋਇਆ ਹੈ। ਕਿਸਾਨ ਪਹਿਲਾਂ ਹੀ ਆਰਥਕ ਤੰਗੀ ਦਾ ਸ਼ਿਕਾਰ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਤੇ ਸਾਬਕਾ ਮੈਂਬਰ ਰਾਜ ਸਭਾ ਨੇ ਪੱਤਰਕਾਰਾਂ ਨਾਲ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ। ਉਨ੍ਹਾ ਕਿਹਾ ਕਿ ਗਿਰਦਾਵਰੀ ਤੋਂ ਪਹਿਲਾਂ 20 ਹਜ਼ਾਰ ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦੇ ਕੇ ਕਿਸਾਨ ਹਮਾਇਤੀ ਹੋਣ ਦਾ ਸਬੂਤ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਪੰਜਾਬ ਨੂੰ ਆਪਣੇ ਬਿਆਨ ਮੁਤਾਬਕ ਕਿਸਾਨਾਂ ਦੇ ਖਾਤੇ ਪ੍ਰਤੀ ਏਕੜ 20 ਹਜ਼ਾਰ ਰੁਪਏ ਬਿਨਾਂ ਗਿਰਦਾਵਰੀ ਪਾਉਣ ਦੇ ਹੁਕਮ ਫੌਰੀ ਤੌਰ 'ਤੇ ਕਰਨੇ ਚਾਹੀਦੇ ਹਨ ਤਾਂ ਕਿ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ। ਬਹੁਤ ਲੋਕਾਂ ਨੇ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਬਾਕੀ ਮੁਆਵਜ਼ਾ ਰਾਸ਼ੀ ਗਿਰਦਾਵਰੀਆਂ ਤੋਂ ਬਾਅਦ ਪੂਰੀ ਕਰ ਦੇਣ। ਮੁੱਖ ਮੰਤਰੀ ਹਮੇਸ਼ਾ ਕਹਿੰਦੇ ਹਨ ਕਿ ਉਹ ਕਿਸਾਨਾਂ ਦਾ ਸਨਮਾਨ ਬਹਾਲ ਰੱਖਣਗੇ, ਕਿਸਾਨਾਂ ਦੇ ਮੁੱਦੇ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਵੈਸੇ ਤਾਂ ਹਾਲੇ ਤੱਕ ਪਿਛਲੀ ਨਰਮੇ ਦੀ ਨੁਕਸਾਨੀ ਫਸਲ ਦਾ ਮੁਆਵਜ਼ਾ ਨਹੀਂ ਦਿੱਤਾ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਹੁਣ ਸਮਾਂ ਹੈ ਕਿਸਾਨ ਦੀ ਬੇਮੌਸਮੀ ਬਰਸਾਤ ਤੇ ਖਰਾਬ ਮੌਸਮ ਨੇ ਜੋ ਪੱਕੀ ਫਸਲ ਦਾ ਨੁਕਸਾਨ ਕੀਤਾ ਹੈ, ਉਸ ਦੀ ਮੁਆਵਜ਼ਾ ਰਾਸ਼ੀ ਜਾਰੀ ਕਰਦੇ ਹੋਏ ਕਿਸਾਨਾਂ ਦੀ ਬਾਂਹ ਫੜੋ, ਅਸੀਂ ਇਸ ਦਾ ਸਵਾਗਤ ਕਰਾਂਗੇ।

ਇਨਕਲਾਬੀ ਕੇਂਦਰ ਪੰਜਾਬ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਇਨਕਲਾਬੀ ਕੇਂਦਰ ਪੰਜਾਬ ਇਲਾਕਾ ਰਾਮਪੁਰਾ ਜ਼ਿਲ੍ਹਾ ਬਠਿੰਡਾ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ 92ਵਾਂ ਸ਼ਹੀਦੀ ਦਿਹਾੜਾ ਪਿੰਡ ਰਾਮਪੁਰਾ ਵਿਖੇ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ 'ਚ ਦੋ ਮਿੰਟ ਦਾ ਮੌਨ ਧਾਰ ਕੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਵੱਡੀ ਗਿਣਤੀ ਔਰਤਾਂ, ਮਜ਼ਦੂਰਾਂ, ਕਿਸਾਨਾਂ ਨੇ ਸ਼ਮੂਲੀਅਤ ਕੀਤੀ।

ਸਟੇਜ ਸੰਚਾਲਨ ਇਨਕਲਾਬੀ ਕੇਂਦਰ ਪੰਜਾਬ ਇਲਾਕਾ ਸਕੱਤਰ ਹਰਮੇਸ਼ ਕੁਮਾਰ ਰਾਮਪੁਰਾ ਨੇ ਕੀਤਾ। ਬੁਲਾਰਿਆਂ 'ਚ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਆਗੂ ਮੁਖਤਿਆਰ ਸਿੰਘ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਜੇਠੂਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ 23 ਮਾਰਚ ਦੇ ਸ਼ਹੀਦਾਂ ਨੇ ਭਾਰਤ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਨੂੰ ਇਨਕਲਾਬੀ ਸੰਘਰਸ਼ ਦਾ ਰਾਹ ਚੁਣਿਆ ਅਤੇ ਆਪਣੀ ਜ਼ਿੰਦਗੀ ਦੇਸ਼ ਕੌਮ ਦੇ ਲੇਖੇ ਲਾਈ। ਉਹ ਇਕੱਲੀ ਅਜ਼ਾਦੀ ਦੇ ਚਾਹਵਾਨ ਨਹੀਂ ਸਨ ਸਗੋਂ ਅਜ਼ਾਦੀ ਉਪਰੰਤ ਅਜਿਹੇ ਉਸਾਰੂ ਸਮਾਜ ਦੇ ਚਾਹਵਾਨ ਸਨ ਜਿੱਥੇ ਸਭ ਨੂੰ ਬਰਾਬਰ ਦੇ ਹੱਕ ਹਾਸਲ ਹੋਣ ਅਤੇ ਅਜ਼ਾਦੀ ਦਾ ਲਾਭ ਦੇਸ਼ ਦੇ ਕਰੋੜਾਂ ਮਿਹਨਤਕਸ਼ ਲੋਕਾਂ ਨੂੰ ਮਿਲੇ। ਉਨ੍ਹਾਂ ਦਾ ਸੁਪਨਾ ਸੀ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਸਦਾ ਲਈ ਖਤਮ ਕੀਤੀ ਜਾ ਸਕੇ ਪਰ ਉਨ੍ਹਾਂ ਦਾ ਸੁਪਨਾ ਅਜੇ ਅਧੂਰਾ ਹੈ। ਅੱਜ ਵੀ ਦੇਸ਼ ਦੇ ਕਰੋੜਾਂ ਮਿਹਨਤਕਸ਼ ਲੋਕ ਗਰੀਬੀ ਭੁੱਖਮਰੀ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੇ ਸਤਾਏ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਇਨਕਲਾਬੀ ਕੇਂਦਰ ਪੰਜਾਬ ਇਲਾਕਾ ਆਗੂ ਜਗਦੀਸ਼ ਸਿੰਘ ਰਾਮਪੁਰਾ, ਵੈਟਰਨਰੀ ਡਾ. ਨਰੰਜਣ ਸਿੰਘ, ਟੀ ਐਸ ਯੂ ਦੇ ਸਰਕਲ ਆਗੂ ਬਚਿੱਤਰ ਸਿੰਘ, ਡਵੀਜ਼ਨ ਪ੍ਰਧਾਨ ਪਰਵਿੰਦਰ ਸਿੰਘ ਬਿੱਟੂ, ਜਮਹੂਰੀ ਅਧਿਕਾਰ ਸਭਾ ਦੇ ਆਗੂ ਪਿਰਤਪਾਲ ਸਿੰਘ, ਤਰਕਸ਼ੀਲ ਸੁਸਾਇਟੀ ਦੇ ਆਗੂ ਜਗਦੇਵ ਸਿੰਘ, ਪ੍ਰਧਾਨ ਗੁਰਜੰਟ ਸਿੰਘ, ਸੁਰਿੰਦਰ ਗੁਪਤਾ, ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਆਗੂ ਡਾ. ਜਗਤਾਰ ਸਿੰਘ ਫੂਲ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੋਮਪਾਲ ਹੀਰਾ ਦੀ ਨਿਰਦੇਸ਼ਨਾ ਹੇਠ ਸਿਰਜਣਾ ਆਰਟ ਗਰੁੱਪ ਰਾਇਕੋਟ ਵੱਲੋਂ ਇਨਕਲਾਬੀ ਨਾਟਕ "ਭਗਤ ਸਿੰਘ ਤੂੰ ਜ਼ਿੰਦਾ ਹੈ" ਅਤੇ ਸਰਹੱਦਾਂ ਹੋਰ ਵੀ ਨੇ ਅਤੇ ਕੋਰੀਓਗ੍ਰਾਫੀ ਰੰਗ ਦੇ ਬਸੰਤੀ ਅਤੇ ਜੋ ਵਿਦੇਸਾਂ ਵਿੱਚ ਰੁਲਦੇ ਨੇ ਰੋਟੀ ਲਈ ਪੇਸ਼ ਕੀਤੀਆਂ ਅਤੇ ਗੁਰਕੀਰਤ ਸਿੰਘ ਔਲਖ ਅਤੇ ਮੰਦਰ ਜੱਸੀ ਨੇ ਕਵੀਸ਼ਰੀ ਪੇਸ਼ ਕੀਤੀ। ਗੁਰਨੈਬ ਸਿੰਘ ਤੇਜਾ ਸਿੰਘ ਨੇ ਗੀਤ ਪੇਸ਼ ਕੀਤੇ ।

ਕਾਤਰਾਂ

ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 260 ਰੁਪਏ ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਦਲੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਜ਼ੀਰਾ ਗੇਟ ਫਿਰੋਜ਼ਪਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਅਕਸ਼ੈ ਕੁਮਾਰ ਪੁੱਤਰ ਸੁਰਿੰਦਰ ਸਿੰਘ ਵਾਸੀ ਬਸਤੀ ਸ਼ੇਖਾਂ ਵਾਲੀ, ਜੋ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜਿਸ 'ਤੇ ਛਾਪੇਮਾਰੀ ਕਰਕੇ ਉਸ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 260 ਰੁਪਏ ਰਾਸ਼ੀ ਦੜਾ ਸੱਟਾ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਝਾੜ ਸਾਹਿਬ ਕਾਲਜ ਦਾ ਬੀ.ਕਾਮ. ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ

ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਬੀ. ਕਾਮ. ਸਮੈਸਟਰ ਤੀਜਾ ਦੇ ਨਤੀਜੇ ਵਿੱਚ ਵਿਦਿਆਰਥਣਾਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਆਪਣੀ ਸੰਸਥਾ ਦਾ ਮਾਣ ਵਧਾਇਆ ਹੈ। ਕਾਲਜ ਵਿਦਿਆਰਥਣ ਗਗਨਦੀਪ ਕੌਰ ਨੇ 78.8 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਪਰਦੀਪ ਕੌਰ ਨੇ 76.5 ਫੀਸਦੀ ਤੇ ਗੁਰਦੀਪ ਕੌਰ ਨੇ 75.8 ਫੀਸਦੀ ਅੰਕ ਹਾਸਲ ਕਰਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ. ਕਾਮ. ਸਮੈਸਟਰ ਤੀਜਾ ਦਾ ਸਮੁੱਚਾ ਨਤੀਜਾ 100 ਫੀਸਦੀ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਮੂਹ ਸਟਾਫ਼, ਵਿਦਿਆਰਥਣਾਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸ਼ੁੱਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਸਦਾ ਹੀ ਯਤਨਸ਼ੀਲ ਰਹਿੰਦੀ ਹੈ ਤੇ ਸਾਨੂੰ ਪੂਰਨ ਵਿਸ਼ਵਾਸ ਹੈ ਕਿ ਸਾਡੀਆਂ ਵਿਦਿਆਰਥਣਾਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦ੍ਰਿੜ੍ਹ ਲਗਨ ਤੇ ਮਿਹਨਤ ਸਦਕਾ ਵਧੀਆ ਨਤੀਜੇ ਪ੍ਰਾਪਤ ਕਰਕੇ ਆਪਣੇ ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਗੀਆਂ।

ਰੇਲ ਗੱਡੀ ਹੇਠ ਆਉਣ ਨਾਲ ਮੌਤ

ਮਾਨਸਾ (ਗੀਤਵਾਲ)-ਇੱਕ ਅਣਪਛਾਤੇ ਵਿਅਕਤੀ ਦੀ ਰੇਲ ਗੱਡੀ ਹੇਠ ਆਉਣ ਕਾਰਨ ਮੌਤ ਹੋ ਗਈ। ਸਥਾਨਕ ਰੇਲਵੇ ਪੁਲਸ ਚੌਕੀ ਦੇ ਇੰਚਾਰਜ ਨਿਰਮਲ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੇ ਦਿਨ ਸ਼ਨੀਵਾਰ ਦੀ ਦੁਪਹਿਰ ਰੇਲਵੇ ਫਾਟਕ ਦੇ ਨਜ਼ਦੀਕ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਇੱਕ ਮੇਲ ਰੇਲ ਗੱਡੀ ਦੇ ਹੇਠ ਆ ਕੇ ਅਣਪਛਾਤੇ ਵਿਅਕਤੀ ਨੇ ਖੁਦਕੁਸ਼ੀ ਕਰ ਲਈ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਨੂੰ ਮੁੱਢਲੀ ਕਾਰਵਾਈ ਕਰਨ ਉਪਰੰਤ 72 ਘੰਟੇ ਸ਼ਨਾਖਤ ਲਈ ਮੋਰਚਰੀ ਸਿਵਲ ਹਸਪਤਾਲ ਮਾਨਸਾ ਵਿਖੇ ਰੱਖਿਆ ਗਿਆ ਹੈ।

ਮੀਂਹ ਨਾਲ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ ਸਰਕਾਰ ਤੁਰੰਤ ਜਾਰੀ ਕਰੇ : ਲੱਖੇਵਾਲ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਭਾਰਤੀ ਕਿਸਾਨ ਯੂਨੀਅਨ ਲੱਖੇਵਾਲ ਦੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੇਵਾਲ ਨੇ ਪੰਜਾਬ ਸਰਕਾਰ ਤੋਂ ਪਿਛਲੇ ਦਿਨਾਂ ਦੌਰਾਨ ਬੇਮੌਸਮੀ ਮੀਂਹ ਤੇ ਭਾਰੀ ਗੜੇਮਾਰੀ ਕਾਰਨ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਜਲਦ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਬਠਿੰਡਾ, ਮਾਨਸਾ, ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਤਾਂ 90 ਪ੍ਰਤੀਸ਼ਤ ਨੁਕਸਾਨ ਹੋ ਗਿਆ ਹੈ ਤੇ ਬਾਕੀ ਸਾਰੇ ਪੰਜਾਬ ਵਿੱਚ ਭਾਰੀ ਮੀਂਹ ਤੇ ਤੇਜ਼ ਹਵਾਵਾਂ ਨਾਲ ਸਾਰੀ ਫਸਲ ਧਰਤੀ 'ਤੇ ਵਿੱਛ ਗਈ ਹੈ, ਜਿਸ ਕਾਰਨ ਜਿੱਥੇ ਕਣਕ ਦਾ ਝਾੜ ਘੱਟ ਨਿਕਲੇਗਾ, ਉੱਥੇ ਪਸ਼ੂਆਂ ਲਈ ਤੂੜੀ ਦਾ ਕਾਲ ਪੈਣ ਦਾ ਖਤਰਾ ਹੈ। ਲੱਖੇਵਾਲ ਨੇ ਕਿਹਾ ਕਿ ਸਰਕਾਰ ਛੇਤੀ ਤੋਂ ਛੇਤੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਪ੍ਰਤੀ ਏਕੜ 60,000 ਰੁਪਏ ਮੁਆਵਜ਼ਾ ਜਾਰੀ ਕਰ ਕੁਦਰਤ ਦੀ ਕਰੋਪੀ ਕਾਰਨ ਟੁੱਟ ਚੁੱਕੀ ਕਿਸਾਨੀ ਦੀ ਬਾਂਹ ਫੜੇ।

ਗੁਰੂ ਕਾਸ਼ੀ ਸਾਹਿਤ ਅਕਾਦਮੀ 2 ਨੂੰ ਮਨਾਵੇਗੀ ਅਕਾਦਮਿਕ ਸਾਹਿਤ ਉਤਸਵ

ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)-ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਵੱਲੋਂ 2 ਅਪ੍ਰੈਲ ਨੂੰ ਹੋਣ ਜਾ ਰਹੇ ਅਕਾਦਮਿਕ ਸਾਹਿਤ ਉਤਸਵ (ਛਿਮਾਹੀ ਸਮਾਗਮ) ਦੇ ਸੰਦਰਭ ਵਿੱਚ ਕਾਰਜਕਾਰੀ ਪ੍ਰਧਾਨ ਪ੍ਰੋ. ਡਾ: ਗੁਰਜੀਤ ਸਿੰਘ ਖ਼ਾਲਸਾ ਤੇ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਰਹਿਨੁਮਾਈ ਹੇਠ ਹੋਈ ਮੀਟਿੰਗ ਵਿੱਚ ਸ਼੍ਰੀਮਤੀ ਸੁਖਮੀਤ ਕੌਰ ਬਰਾੜ ਨੂੰ ਸੱਭਿਆਚਾਰ ਸਾਹਿਤ ਪੁਰਸਕਾਰ

27-MAR-PAGE-1.qxd 3/26/2023 9:08 PM Page 1

ਸੋਮਵਾਰ, 27 ਮਾਰਚ, 2023
14 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 295

ਨਵਾਂ ਜ਼ਮਾਨਾ

DAILY NAWAN ZAMANA • MONDAY, 27 MARCH, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in

ਇੱਕ ਏਕੜ ਦਾ 15 ਹਜ਼ਾਰ ਖਰਾਬਾ

ਹਫਤੇ 'ਚ ਗਿਰਦਾਵਰੀ ਮੁਕੰਮਲ ਕਰਕੇ 5 ਤੱਕ ਪੈਸਿਆਂ ਦਾ ਭੁਗਤਾਨ : ਮਾਨ

ਮਲੋਟ (ਗੁਰਮੀਤ ਸਿੰਘ ਮੱਕੜ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਂਹ ਤੇ ਗੜਿਆਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਐਤਵਾਰ ਲੰਬੀ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਤੇ ਪੀੜਤ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਹਲਕਾ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਵੀ ਸਨ।

ਮਾਨ ਨੇ ਤੁਰੰਤ ਪ੍ਰਸ਼ਾਸਨ ਨੂੰ ਗਿਰਦਾਵਰੀ ਦੇ ਹੁਕਮ ਜਾਰੀ ਕਰਦੇ ਹੋਏ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀਆਂ ਫ਼ਸਲਾਂ ਬੀਤੇ ਦਿਨੀਂ ਬਾਰਿਸ਼ ਅਤੇ ਗੜੇਮਾਰੀ ਨਾਲ ਖਰਾਬ ਹੋਈਆਂ ਹਨ, ਉਨ੍ਹਾਂ ਨੂੰ ਖਰਾਬੇ ਦਾ ਯੋਗ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਕਿਸੇ ਨਾਲ ਪੱਖਪਾਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਇਸ ਦੇ ਨਾਲ ਫ਼ਸਲ ਖਰਾਬ ਹੋਣ ਕਰਕੇ ਫ਼ਸਲ ਪੱਕਣ 'ਤੇ ਜੋ ਖੇਤ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਦਿਹਾੜੀ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਮਜ਼ਦੂਰਾਂ ਨੂੰ ਸਰਕਾਰ ਵੱਲੋਂ ਦਿਹਾੜੀ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਪਹਿਲਾਂ ਸਰਕਾਰ ਵੱਲੋਂ 12 ਹਜ਼ਾਰ ਰੁਪਏ ਪ੍ਰਤੀ ਕਿੱਲੇ ਦਾ ਮੁਆਵਜ਼ਾ ਦਿੱਤਾ ਜਾਂਦਾ ਸੀ, ਪ੍ਰੰਤੂ ਹੁਣ ਉਨ੍ਹਾਂ ਵੱਲੋਂ ਇਸ ਵਿਚ ਹੋਰ ਵਾਧਾ ਕੀਤਾ ਗਿਆ ਹੈ, ਜਿਸ ਦੇ ਚੱਲਦਿਆਂ ਕਿਸਾਨ ਨੂੰ 15 ਹਜ਼ਾਰ ਰੁਪਏ ਪ੍ਰਤੀ ਕਿੱਲੇ ਦਾ ਮੁਆਵਜ਼ਾ ਦਿੱਤਾ ਜਾਵੇਗਾ। ਇਹ ਪੈਸੇ ਜਲਦ ਤੋਂ ਜਲਦ ਕਿਸਾਨਾਂ ਦੇ ਖਾਤਿਆਂ ਵਿਚ ਪਾ ਦਿੱਤੇ ਜਾਣਗੇ।

ਇਸ ਮੌਕੇ ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ ਮੁਕਤਸਰ ਸਾਹਿਬ, ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜਿਲ੍ਹਾ ਪਲੈਨਿੰਗ ਬੋਰਡ, ਮੈਡਮ ਪਲਵੀਂ ਡਿਪਟੀ ਕਮਿਸ਼ਨਰ ਮੁਕਤਸਰ ਸਾਹਿਬ, ਹਰਮਨਬੀਰ ਸਿੰਘ ਐੱਸ ਐੱਸ ਪੀ ਮੁਕਤਸਰ ਸਾਹਿਬ ਅਤੇ ਪ੍ਰਿਤਪਾਲ ਸ਼ਰਮਾ ਹਲਕਾ ਇੰਚਾਰਜ ਗਿੱਦੜਬਾਹਾ ਆਦਿ ਹਾਜ਼ਰ ਸਨ।

ਮਾਨ ਨੇ ਬੇਮੌਸਮੇ ਮੀਂਹ ਤੇ ਗੜਿਆਂ ਕਾਰਨ ਨੁਕਸਾਨੀਆਂ ਫਸਲਾਂ ਦਾ ਸਬ-ਡਵੀਜ਼ਨ ਨਿਹਾਲ ਸਿੰਘ ਵਾਲਾ ਅਧੀਨ ਪਿੰਡ ਖਾਈ ਵਿਚ ਜਾਇਜ਼ਾ ਲਿਆ। ਉਹ ਹੈਲੀਕਾਪਟਰ ਰਾਹੀਂ ਪੁੱਜੇ। ਉਨ੍ਹਾ ਨੁਕਸਾਨੀ ਕਣਕ ਦੇ 15 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦਾ ਐਲਾਨ ਕਰਦਿਆਂ ਦੱਸਿਆ ਕਿ ਸੱਤ ਦਿਨਾਂ ਦੇ ਵਿੱਚ-ਵਿੱਚ ਵਿਸ਼ੇਸ਼ ਗਿਰਦਾਵਰੀ ਮੁਕੰਮਲ ਕਰਕੇ 5 ਅਪਰੈਲ ਤੱਕ ਕਿਸਾਨਾਂ ਨੂੰ ਮੁਆਵਜ਼ਾ ਜਾਰੀ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਸੂਬੇ ਵਿਚ ਕਈ ਦਿਨ ਤੱਕ ਰੁਕ-ਰੁਕ ਪਏ ਮੀਂਹ ਕਾਰਨ ਤਿਆਰ ਕਣਕ ਦੀ ਫਸਲ ਦਾ ਨੁਕਸਾਨ ਹੋਇਆ ਹੈ, ਜਿਸ ਕਰਕੇ ਵਿਸ਼ੇਸ਼ ਗਿਰਦਾਵਰੀ ਕਰਨ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾ ਕਿਹਾ ਕਿ ਕਣਕ ਤੋਂ ਇਲਾਵਾ ਮੀਂਹ ਨਾਲ ਢਹਿ-ਢੇਰੀ ਹੋਏ ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਦੀ ਰਿਪੋਰਟ ਹਾਸਲ ਕਰਕੇ ਪੀੜਤਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ।

ਅੱਧੇ ਏਕੜ ਦੇ ਨੁਕਸਾਨ ਦਾ 30 ਹਜ਼ਾਰ ਮੁਆਵਜ਼ਾ ਦਿਓ : ਕਿਸਾਨ ਸਭਾ

ਬਠਿੰਡਾ : ਪੰਜਾਬ 'ਚ ਪਿਛਲੇ ਦਿਨਾਂ 'ਚ ਪਏ ਭਾਰੀ ਮੀਂਹ ਅਤੇ ਝੱਖੜ ਨਾਲ ਫਸਲਾਂ ਦੇ ਹੋਏ ਭਾਰੀ ਨੁਕਸਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਕੁੱਲ ਹਿੰਦ ਕਿਸਾਨ ਸਭਾ ਦੀ ਸੂਬਾ ਕਾਰਜਕਾਰਨੀ ਦੀ ਐਮਰਜੈਂਸੀ ਜ਼ੂਮ ਮੀਟਿੰਗ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਸੂਬਾ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਤੋਂ ਇਲਾਵਾ ਲਖਬੀਰ ਸਿੰਘ ਨਿਜ਼ਾਮਪੁਰ, ਸੂਰਤ ਸਿੰਘ ਧਰਮਕੋਟ, ਕੁਲਵੰਤ ਸਿੰਘ ਮੌਲਵੀਵਾਲਾ, ਹਰਦੇਵ ਸਿੰਘ ਬਖਸ਼ੀਵਾਲਾ, ਗੁਲਜ਼ਾਰ ਸਿੰਘ ਗੁਰਦਾਸਪੁਰ, ਕਸ਼ਮੀਰ ਸਿੰਘ ਫਿਰੋਜ਼ਪੁਰ ਤੇ ਸੁਰਿੰਦਰ ਸਿੰਘ ਢੰਡੀਆਂ ਵੀ ਸ਼ਾਮਲ ਹੋਏ। ਸਾਥੀਆਂ ਵੱਲੋਂ ਇਸ ਗੱਲ 'ਤੇ ਦੁੱਖ ਜ਼ਾਹਰ ਕੀਤਾ ਗਿਆ ਕਿ ਬੇਮੌਸਮੀ ਬਾਰਿਸ਼ ਤੇ ਗੜੇਮਾਰੀ ਨਾਲ ਪੰਜਾਬ ਤੇ ਦੇਸ਼ ਦੇ ਕਈ ਰਾਜਾਂ 'ਚ ਕਣਕ, ਸਰ੍ਹੋਂ, ਚਾਰਾ, ਸਬਜ਼ੀਆਂ ਤੇ ਨਵੀਂ ਬੀਜੀ ਮੂੰਗੀ ਤੇ ਮੱਕੀ ਆਦਿ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਸੂਬਾ ਮੀਤ ਪ੍ਰਧਾਨ ਲਖਬੀਰ ਸਿੰਘ ਨਿਜ਼ਾਮਪੁਰਾ ਨੇ ਦੱਸਿਆ ਕਿ ਜਥੇਬੰਦੀ ਮੰਗ ਕਰਦੀ ਹੈ ਕਿ ਜੋ ਫਸਲਾਂ ਦੀ ਗਿਰਦਾਵਰੀ ਦੇ ਹੁਕਮ ਮੁੱਖ ਮੰਤਰੀ ਵੱਲੋਂ ਬੀਤੇ ਦਿਨੀਂ ਦਿੱਤੇ ਗਏ ਹਨ, ਉਹ ਜਲਦੀ ਸ਼ੁਰੂ ਕੀਤੀ ਜਾਵੇ। ਫਸਲਾਂ ਦੇ ਹੋਏ ਨੁਕਸਾਨ ਲਈ ਏਕੜ ਨੂੰ ਇਕਾਈ ਮੰਨ ਕੇ 50 ਫੀਸਦੀ ਨੁਕਸਾਨ ਲਈ ਤੀਹ ਹਜ਼ਾਰ ਅਤੇ 50 ਫੀਸਦੀ ਤੋਂ ਉਪਰ ਨੁਕਸਾਨ ਲਈ ਸੱਠ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਅਤੇ ਝੱਖੜ 'ਚ ਢਹਿ ਗਏ ਘਰਾਂ ਤੇ ਬਾਗਾਂ ਦਾ ਉਨ੍ਹਾਂ ਦੀ ਪੂਰੀ ਕੀਮਤ ਅਨੁਸਾਰ ਮੁਆਵਜ਼ਾ ਜਾਰੀ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਹਰ ਸਾਲ ਵਾਰ-ਵਾਰ ਆਉਂਦੀਆਂ ਕੁਦਰਤੀ ਆਫ਼ਤਾਂ, ਫਸਲੀ ਮਹਾਂਮਾਰੀਆਂ, ਨਕਲੀ ਬੀਜਾਂ ਤੇ ਦਵਾਈਆਂ ਆਦਿ ਤੋਂ ਕਿਸਾਨਾਂ ਦੇ ਵਾਰ-ਵਾਰ ਹੁੰਦੇ ਭਾਰੀ ਨੁਕਸਾਨ ਦੇ ਸਥਾਈ ਹੱਲ ਲਈ ਪੰਜਾਬ ਸਰਕਾਰ ਪੱਕੀ ਫਸਲੀ ਬੀਮਾ ਸਕੀਮ ਬਣਾਵੇ, ਜਿਸ ਦਾ ਪ੍ਰੀਮੀਅਮ ਖਰਚਾ ਸਰਕਾਰ ਖੁਦ ਆਪਣੇ ਸਿਰ ਲਵੇ ਅਤੇ ਇਸ ਬੀਮਾ ਸਕੀਮ ਨੂੰ ਪੰਜਾਬ ਸਰਕਾਰ ਦੀ ਆ ਰਹੀ ਨਵੀਂ ਖੇਤੀ ਨੀਤੀ 'ਚ ਸ਼ਾਮਲ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਇਸ ਮਾਮਲੇ ਪ੍ਰਤੀ ਗੰਭੀਰਤਾ ਨਾ ਦਿਖਾਈ ਤਾਂ ਆਉਣ ਵਾਲੇ ਦਿਨਾਂ ਦੌਰਾਨ ਤਿੱਖੇ ਸੰਘਰਸ਼ ਦੀ ਰਣਨੀਤੀ ਉਲੀਕੀ ਜਾਵੇਗੀ।

ਪ੍ਰਧਾਨ ਮੰਤਰੀ ਹੰਕਾਰੀ ਤੇ ਬੁਜ਼ਦਿਲ : ਪ੍ਰਿਅੰਕਾ

ਰਾਹੁਲ ਦੀ ਹਮਾਇਤ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਦਾ ਧੰਨਵਾਦ, ਦੇਸ਼ ਨੂੰ ਬਚਾਉਣ ਲਈ ਸਭ ਨੂੰ ਇਕੱਠੇ ਹੋਣਾ ਪੈਣੈ

ਨਵੀਂ ਦਿੱਲੀ : ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖਤਮ ਕਰਨ ਖਿਲਾਫ ਕਾਂਗਰਸ ਨੇ ਦੇਸ਼-ਭਰ 'ਚ ਸੰਕਲਪ ਸਤਿਆਗ੍ਰਹਿ ਕੀਤਾ। ਰਾਜਘਾਟ 'ਤੇ ਸਤਿਆਗ੍ਰਹਿ ਦੌਰਾਨ ਸੰਬੋਧਨ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ—ਅੱਜ ਤੱਕ ਅਸੀਂ ਚੁੱਪ ਰਹੇ ਤੇ ਤੁਸੀਂ ਸਾਡੇ ਪਰਵਾਰ ਦਾ ਅਪਮਾਨ ਕਰਦੇ ਗਏ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਕ ਆਦਮੀ ਦਾ ਕਿੰਨਾ ਅਪਮਾਨ ਕਰੋਗੇ। ਮੇਰੇ 'ਤੇ ਕੇਸ ਕਰ ਦਿਓ, ਪਰ ਸੱਚ ਇਹੀ ਹੈ ਕਿ ਇਸ ਦੇਸ਼ ਦਾ ਪ੍ਰਧਾਨ ਮੰਤਰੀ ਬੁਜ਼ਦਿਲ ਹੈ।

ਪ੍ਰਿਅੰਕਾ ਨੇ ਅੱਗੇ ਕਿਹਾ—ਮੇਰੇ ਪਿਤਾ ਦਾ ਸੰਸਦ ਵਿਚ ਅਪਮਾਨ ਕੀਤਾ ਗਿਆ। ਇਹ ਲੋਕ ਸ਼ਹੀਦ ਦੇ ਬੇਟੇ ਨੂੰ ਦੇਸ਼ਧ੍ਰੋਹੀ ਕਹਿੰਦੇ ਹਨ, ਮੀਰ ਜਾਫਰ ਕਹਿੰਦੇ ਹਨ। ਇਕ ਮੁੱਖ ਮੰਤਰੀ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਰਾਹੁਲ ਗਾਂਧੀ ਨੂੰ ਪਤਾ ਹੀ ਨਹੀਂ ਉਨ੍ਹਾ ਦਾ ਪਿਤਾ ਕੌਣ ਹੈ। ਤੁਹਾਡੇ ਪ੍ਰਧਾਨ ਮੰਤਰੀ ਭਰੀ ਸੰਸਦ 'ਚ ਕਹਿੰਦੇ ਹਨ ਕਿ ਸਾਡਾ ਪਰਵਾਰ ਨਹਿਰੂ ਨਾਂਅ ਦਾ ਇਸਤੇਮਾਲ ਕਿਉਂ ਨਹੀਂ ਕਰਦਾ। ਇਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲਦੀ, ਨਾ ਸੰਸਦ ਤੋਂ ਬਾਹਰ ਕੱਢਿਆ ਜਾਂਦਾ ਹੈ। ਜਿਸ ਵਿਅਕਤੀ ਨੇ ਰਾਹੁਲ ਗਾਂਧੀ ਖਿਲਾਫ ਸੂਰਤ 'ਚ ਸ਼ਿਕਾਇਤ ਦਰਜ ਕਰਾਈ ਸੀ, ਉਹ ਕੋਰਟ 'ਚ ਗਿਆ ਅਤੇ ਇਕ ਸਾਲ ਲਈ ਆਪਣੇ ਹੀ ਮਾਮਲੇ 'ਤੇ ਰੋਕ ਲਾਉਣ ਨੂੰ ਕਿਹਾ, ਪਰ ਰਾਹੁਲ ਗਾਂਧੀ ਵੱਲੋਂ ਅਡਾਨੀ 'ਤੇ ਸੰਸਦ ਵਿਚ ਭਾਸ਼ਣ ਦੇਣ ਦੇ ਬਾਅਦ ਮਾਮਲੇ ਨੂੰ ਫਿਰ ਖੁਲ੍ਹਵਾ ਲਿਆ। ਇਕ ਮਹੀਨੇ ਦੇ ਵਿਚ-ਵਿਚ ਸੁਣਵਾਈ ਹੋਈ ਤੇ ਰਾਹੁਲ ਨੂੰ ਦੋਸ਼ੀ ਕਰਾਰ ਦਿੱਤਾ ਗਿਆ।

ਪ੍ਰਿਅੰਕਾ ਨੇ ਕਿਹਾ—ਮੇਰਾ ਭਰਾ ਪੀ ਐੱਮ ਕੋਲ ਗਿਆ, ਉਨ੍ਹਾ ਨੂੰ ਗਲੇ ਲਾਇਆ ਤੇ ਕਿਹਾ ਕਿ ਮੈਨੂੰ ਤੁਹਾਡੇ ਨਾਲ ਨਫਰਤ ਨਹੀਂ ਹੈ। ਸਾਡੀ ਵਿਚਾਰਧਾਰਾ ਵੱਖਰੀ ਹੈ, ਪਰ ਸਾਡੇ ਕੋਲ ਨਫਰਤ ਦੀ ਵਿਚਾਰਧਾਰਾ ਨਹੀਂ ਹੈ। ਕੀ ਭਗਵਾਨ ਰਾਮ ਤੇ ਪਾਂਡਵ ਪਰਵਾਰਵਾਦੀ ਸਨ। ਸਾਡਾ ਪਰਵਾਰ ਦੇਸ਼ ਲਈ ਸ਼ਹੀਦ ਹੋਇਆ ਤਾਂ ਕੀ ਸਾਨੂੰ ਸ਼ਰਮ ਆਉਣੀ ਚਾਹੀਦੀ ਹੈ। ਇਸ ਦੇਸ਼ ਦੀ ਬਹੁਤ ਪੁਰਾਣੀ ਪਰੰਪਰਾ ਹੈ, ਹਿੰਦੂ ਧਰਮ ਦੀ ਪਰੰਪਰਾ ਹੈ ਕਿ ਹੰਕਾਰੀ ਰਾਜੇ ਨੂੰ ਲੋਕ ਜਵਾਬ ਦਿੰਦੇ ਹਨ। ਹੰਕਾਰੀ ਰਾਜਾ ਨੂੰ ਇਹ ਦੇਸ਼ ਪਛਾਣਦਾ ਹੈ। ਮੇਰੇ ਪਰਵਾਰ ਨੇ ਮੈਨੂੰ ਇਕ ਚੀਜ਼ ਸਿਖਾਈ ਹੈ ਕਿ ਦੇਸ਼ ਦਿਲ ਤੋਂ ਬੋਲਦਾ ਤੇ ਸੁਣਦਾ ਹੈ। ਇਹ ਦੇਸ਼ ਸੱਚਾਈ ਨੂੰ ਪਛਾਣਦਾ ਹੈ। ਮੈਂ ਜਾਣਦੀ ਹਾਂ ਕਿ ਅੱਜ ਉਹ ਦਿਨ ਹੈ, ਜਦ ਤੋਂ ਸਾਰਾ ਕੁਝ ਬਦਲਣ ਲੱਗੇਗਾ। ਤੁਸੀਂ ਸਾਨੂੰ ਅਪਮਾਨਤ ਕਰਕੇ ਇਹ ਸੋਚਦੇ ਹੋ ਕਿ ਅਸੀਂ ਡਰ ਜਾਵਾਂਗੇ। ਅਸੀਂ ਹੋਰ ਮਜ਼ਬੂਤੀ ਨਾਲ ਲੜਾਂਗੇ। ਅਸੀਂ ਅੱਜ ਵੀ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਹਾਂ। ਦੇਸ਼ ਦੇ ਲੋਕਾਂ ਨੂੰ ਦਿਸ ਰਿਹਾ ਹੈ ਕਿ ਉਨ੍ਹਾਂ ਦੀ ਸਾਰੀ ਸੰਪਤੀ ਲੁੱਟੀ ਜਾ ਰਹੀ ਹੈ। ਤਾਨਾਸ਼ਾਹ ਸਵਾਲ ਉਠਾਉਣ ਵਾਲੇ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਅਡਾਨੀ ਵਿਚ ਕੀ ਹੈ ਕਿ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਹ ਸਾਨੂੰ ਸੋਚਣਾ ਪੈਣਾ।

ਉਨ੍ਹਾ ਕਿਹਾ—ਰਾਹੁਲ ਗਾਂਧੀ ਨੇ ਦੁਨੀਆ ਦੇ ਦੋ ਸਭ ਤੋਂ ਵਕਾਰੀ ਅਦਾਰਿਆਂ ਹਾਰਵਰਡ ਤੇ ਕੈਂਬ੍ਰਿਜ ਯੂਨੀਵਰਸਿਟੀ ਵਿਚ ਪੜ੍ਹਾਈ ਕੀਤੀ ਤੇ ਉਹ ਉਨ੍ਹਾ ਨੂੰ ਪੱਪੂ ਕਹਿਣ ਲੱਗੇ, ਪਰ ਬਾਅਦ 'ਚ ਪਤਾ ਲੱਗਾ ਕਿ ਉਹ ਤਾਂ ਪੱਪੂ ਹੈ ਹੀ ਨਹੀਂ, ਉਹ ਤਾਂ ਇਮਾਨਦਾਰ ਹੈ ਤੇ ਆਮ ਲੋਕਾਂ ਦੇ ਮੁੱਦਿਆਂ ਨੂੰ ਸਮਝਦਾ ਹੈ। ਇਕ ਆਦਮੀ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਕਿਉਂ ਤੁਰਿਆ। ਉਸ 'ਚ ਸਮਤਾ ਦੀ, ਏਕਤਾ ਦੀ ਭਾਵਨਾ ਸੀ। ਅੱਜ ਮੀਡੀਆ, ਮੰਤਰੀ ਤੇ ਸਾਂਸਦ ਕਹਿ ਰਹੇ ਹਨ ਕਿ ਰਾਹੁਲ ਗਾਂਧੀ ਨੇ ਵਿਦੇਸ਼ ਜਾ ਕੇ ਦੇਸ਼ ਦਾ ਅਪਮਾਨ ਕੀਤਾ। ਜਿਹੜਾ ਆਦਮੀ ਲੋਕਾਂ ਦੀ ਆਵਾਜ਼ ਉਠਾ ਰਿਹਾ ਹੈ, ਕੀ ਉਹ ਦੇਸ਼ ਦਾ ਅਪਮਾਨ ਕਰ ਸਕਦਾ ਹੈ? ਉਹ ਗਰੀਬਾਂ ਤੇ ਬੇਰੁਜ਼ਗਾਰਾਂ ਦਾ ਹੱਕ ਮੰਗ ਰਿਹਾ ਹੈ। ਉਨ੍ਹਾਂ ਦੇ ਹੱਕ ਦੀ ਲੜਾਈ ਲੜ ਰਿਹਾ ਹੈ।

ਪ੍ਰਿਅੰਕਾ ਨੇ ਭਰਾ ਦੀ ਹਮਾਇਤ ਕਰਨ ਵਾਲੀਆਂ ਸਾਰੀਆਂ ਸਿਆਸੀ ● ਬਾਕੀ ਸਫ਼ਾ 10 'ਤੇ

ਡਿਸਕੁਆਲੀਫਾਈਡ ਐੱਮ ਪੀ

ਨਵੀਂ ਦਿੱਲੀ : ਲੋਕ ਸਭਾ ਵਿੱਚੋਂ ਕੱਢੇ ਜਾਣ ਤੋਂ ਬਾਅਦ ਰਾਹੁਲ ਗਾਂਧੀ ਨੇ ਆਪਣੇ ਟਵਿੱਟਰ ਖਾਤੇ ਵਿਚ ਆਪਣੇ-ਆਪ ਨੂੰ ਡਿਸਕੁਆਲੀਫਾਈਡ ਐੱਮ ਪੀ ਲਿਖ ਦਿੱਤਾ ਹੈ।

ਭੋਜਪੁਰੀ ਅਦਾਕਾਰਾ ਵੱਲੋਂ ਖੁਦਕੁਸ਼ੀ

ਬਨਾਰਸ : ਭੋਜਪੁਰੀ ਅਦਾਕਾਰਾ ਅਕਾਂਕਸ਼ਾ ਦੂਬੇ ਨੇ ਇੱਥੇ ਹੋਟਲ 'ਚ ਖੁਦਕੁਸ਼ੀ ਕਰ ਲਈ। ਉਹ 25 ਮਾਰਚ ਦੀ ਰਾਤ ਸ਼ੂਟਿੰਗ ਤੋਂ ਬਾਅਦ ਹੋਟਲ ਗਈ ਸੀ। ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਉਸ ਦਾ ਜਨਮ 21 ਅਕਤੂਬਰ 1997 ਨੂੰ ਮਿਰਜ਼ਾਪੁਰ (ਯੂ ਪੀ) 'ਚ ਹੋਇਆ ਸੀ। ਉਹ ਛੋਟੀ ਉਮਰ ਤੋਂ ਹੀ ਡਾਂਸ ਅਤੇ ਅਦਾਕਾਰੀ ਦੀ ਸ਼ੌਕੀਨ ਸੀ। ਅਕਸਰ ਸੋਸ਼ਲ ਮੀਡੀਆ 'ਤੇ ਡਾਂਸ ਦੀਆਂ ਵੀਡੀਓਜ਼ ਪੋਸਟ ਕਰਦੀ ਰਹਿੰਦੀ ਸੀ।

ਸਾਤਵਿਕ ਤੇ ਚਿਰਾਗ ਦੀ ਜੋੜੀ ਨੇ ਜਿੱਤਿਆ ਖਿਤਾਬ

ਬਾਸਲ : ਇੱਥੇ ਸਵਿੱਸ ਓਪਨ ਸੁਪਰ 300 ਬੈਡਮਿੰਟਨ ਟੂਰਨਾਮੈਂਟ ਦੇ ਫਾਈਨਲ 'ਚ ਸਾਤਵਿਕ ਸਾਈਰਾਜ ਰੈਂਕੀਰੈਡੀ ਅਤੇ ਚਿਰਾਗ ਸ਼ੈਟੀ ਦੀ ਭਾਰਤੀ ਪੁਰਸ਼ ਡਬਲਜ਼ ਜੋੜੀ ਨੇ ਚੀਨ ਦੇ ਰੇਨ ਜਿਆਂਗ ਯੂ ਅਤੇ ਟੈਨ ਕਿਆਂਗ ਨੂੰ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ। ਉਨ੍ਹਾਂ ਹਮਲਾਵਰ ਖੇਡ ਦਿਖਾਉਂਦਿਆਂ ਵਿਸ਼ਵ ਦੀ 21ਵੇਂ ਨੰਬਰ ਦੀ ਜੋੜੀ ਨੂੰ 54 ਮਿੰਟਾਂ 'ਚ 21-19, 24-22 ਨਾਲ ਹਰਾ ਦਿੱਤਾ। ਇਹ ਭਾਰਤ ਲਈ ਸੀਜ਼ਨ ਦਾ ਪਹਿਲਾ ਖਿਤਾਬ ਸੀ। ਇਸ ਤੋਂ ਪਹਿਲਾਂ ਪਿਛਲੇ ਹਫਤੇ ਸਾਤਵਿਕ ਅਤੇ ਚਿਰਾਗ ਆਲ ਇੰਗਲੈਂਡ ਚੈਂਪੀਅਨਸ਼ਿਪ ਦੇ ਦੂਜੇ ਦੌਰ 'ਚ ਬਾਹਰ ਹੋ ਗਏ ਸਨ।

ਧਰਮ ਦੇ ਅਧਾਰ 'ਤੇ ਕੋਟੇ ਦੀ ਵਿਵਸਥਾ ਨਹੀਂ : ਸ਼ਾਹ

ਬਿਦਰ : ਕਰਨਾਟਕ ਵਿਚ ਮੁਸਲਮਾਨਾਂ ਲਈ ਚਾਰ ਫੀਸਦੀ ਓ ਬੀ ਸੀ ਰਾਖਵੇਂਕਰਨ ਨੂੰ ਹਟਾਉਣ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਸੰਵਿਧਾਨ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਕਿ ਧਰਮ ਦੇ ਆਧਾਰ 'ਤੇ ਰਾਖਵਾਂਕਰਨ ਦਿੱਤਾ ਜਾਵੇ। ਦੋ ਦਿਨ ਪਹਿਲਾਂ ਕੈਬਨਿਟ ਮੀਟਿੰਗ ਵਿਚ ਕਰਨਾਟਕ ਸਰਕਾਰ ਨੇ ਮੁਸਲਮਾਨਾਂ ਲਈ ਚਾਰ ਫੀਸਦੀ ਓ ਬੀ ਸੀ ਰਾਖਵੇਂਕਰਨ ਨੂੰ ਰੱਦ ਕਰ ਦਿੱਤਾ ਸੀ।

ਕੈਨੇਡਾ ਦੇ ਸਾਬਕਾ ਸੰਸਦ ਮੈਂਬਰਾਂ ਦੀ ਕੋਠੀ 'ਤੇ ਕਬਜ

27-march-PAGE-4.qxd 3/26/2023 9:42 PM Page 1

ਨਵਾਂ ਜ਼ਮਾਨਾ
ਸੋਮਵਾਰ, 27 ਮਾਰਚ 2023

ਹਮਲਾ ਰਾਹੁਲ 'ਤੇ ਨਹੀਂ ਲੋਕਤੰਤਰ 'ਤੇ ਹੈ

ਇੱਕ ਹੇਠਲੀ ਅਦਾਲਤ ਵੱਲੋਂ ਮਾਣਹਾਨੀ ਦੇ ਇੱਕ ਕੇਸ ਵਿੱਚ ਰਾਹੁਲ ਗਾਂਧੀ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਤੁਰੰਤ ਉਸ ਦੀ ਲੋਕ ਸਭਾ ਮੈਂਬਰੀ ਰੱਦ ਕਰਨਾ ਭਾਰਤੀ ਲੋਕਤੰਤਰ ਲਈ ਗੰਭੀਰ ਚੁਣੌਤੀ ਬਣ ਚੁੱਕਾ ਹੈ। ਇਹ ਸਬਰ ਵਾਲੀ ਗੱਲ ਹੈ ਕਿ ਲੱਗਭੱਗ ਹਰ ਵਿਰੋਧੀ ਧਿਰ ਨੇ ਇਸ ਕਾਰਵਾਈ ਲਈ ਸੱਤਾਧਾਰੀਆਂ ਦੀ ਇੱਕ ਸੁਰ ਹੋ ਕੇ ਵਿਰੋਧਤਾ ਕੀਤੀ ਹੈ।

ਸਭ ਤੋਂ ਪਹਿਲਾਂ ਅਸੀਂ ਉਸ ਮਾਣਹਾਨੀ ਮੁਕੱਦਮੇ ਦੀ ਗੱਲ ਕਰਾਂਗੇ, ਜਿਸ ਅਧੀਨ ਰਾਹੁਲ ਗਾਂਧੀ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਗਈ ਸੀ। ਵਰਨਣਯੋਗ ਹੈ ਕਿ ਇਹ ਮੁਕੱਦਮਾ 16 ਅਪ੍ਰੈਲ 2019 ਨੂੰ ਸੂਰਤ ਦੀ ਸੀ ਜੇ ਐੱਮ ਦੀ ਅਦਾਲਤ ਵਿੱਚ ਇੱਕ ਭਾਜਪਾ ਵਿਧਾਇਕ ਪੂਰਣੇਸ਼ ਮੋਦੀ ਵੱਲੋਂ ਦਰਜ ਕਰਾਇਆ ਗਿਆ ਸੀ। ਰਾਹੁਲ ਗਾਂਧੀ ਨੇ 24 ਜੂਨ 2021 ਨੂੰ ਸੀ ਜੇ ਐੱਮ ਦੀ ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਬਿਆਨ ਦਰਜ ਕਰਾਇਆ ਸੀ। ਮਾਰਚ 2022 ਨੂੰ ਅਚਾਨਕ ਸ਼ਿਕਾਇਤਕਰਤਾ ਹਾਈ ਕੋਰਟ ਵਿੱਚ ਪਹੁੰਚ ਗਿਆ ਤੇ ਮੰਗ ਕੀਤੀ ਕਿ ਹੇਠਲੀ ਅਦਾਲਤ ਵਿੱਚ ਚੱਲ ਰਹੇ ਮੁਕੱਦਮੇ ਉੱਤੇ ਰੋਕ ਲਾਈ ਜਾਵੇ। ਆਮ ਤੌਰ ਉੱਤੇ ਅਜਿਹੇ ਕੇਸਾਂ ਵਿੱਚ ਮੁਲਜ਼ਮ ਹੀ ਉਪਰਲੀਆਂ ਅਦਾਲਤਾਂ ਵਿੱਚ ਜਾਂਦੇ ਹਨ, ਤਾਂ ਕਿ ਮੁਕੱਦਮੇ ਨੂੰ ਟਾਲਿਆ ਜਾ ਸਕੇ, ਪਰ ਇਸ ਕੇਸ ਵਿੱਚ ਮੁੱਦਈ ਹੀ ਹਾਈ ਕੋਰਟ ਵਿੱਚ ਪਹੁੰਚ ਗਿਆ ਕਿ ਮੁਕੱਦਮੇ ਉੱਤੇ ਇੱਕ ਸਾਲ ਦੀ ਰੋਕ ਲਾਈ ਜਾਵੇ। ਸ਼ਾਇਦ ਇਹ ਇਸ ਲਈ ਕੀਤਾ ਗਿਆ ਤਾਂ ਜੋ ਮੌਕਾ ਆਉਣ ਉੱਤੇ ਇਹ ਹਥਿਆਰ ਵਰਤਿਆ ਜਾ ਸਕੇ। ਗੁਜਰਾਤ ਹਾਈ ਕੋਰਟ ਨੇ 7 ਮਾਰਚ 2022 ਨੂੰ ਮੁੱਦਈ ਦੀ ਇਹ ਅਜੀਬ ਮੰਗ ਮੰਨ ਵੀ ਲਈ।

ਹੁਣ ਕੀ ਹੋਇਆ? ਰਾਹੁਲ ਗਾਂਧੀ ਨੇ 7 ਫ਼ਰਵਰੀ ਨੂੰ ਸੰਸਦ ਵਿੱਚ ਆਪਣੇ ਭਾਸ਼ਣ ਦੌਰਾਨ ਹਿੰਡਨਬਰਗ ਰਿਪੋਰਟ ਵਿੱਚ ਹੋਏ ਖੁਲਾਸਿਆਂ ਨੂੰ ਅਧਾਰ ਬਣਾ ਕੇ ਅਡਾਨੀ ਉੱਤੇ ਤਿੱਖੇ ਹਮਲੇ ਕੀਤੇ ਤੇ ਮੋਦੀ ਦੇ ਉਸ ਨਾਲ ਸੰਬੰਧਾਂ ਲਈ ਚੁੱਭਵੇਂ ਸਵਾਲ ਕਰ ਦਿੱਤੇ। ਇਸ ਤੋਂ 9 ਦਿਨ ਬਾਅਦ 16 ਫ਼ਰਵਰੀ 2023 ਨੂੰ ਜਦੋਂ ਹਾਲੇ ਰੋਕ ਦਾ ਇੱਕ ਸਾਲ ਪੂਰਾ ਨਹੀਂ ਸੀ ਹੋਇਆ, ਸ਼ਿਕਾਇਤਕਰਤਾ ਫਿਰ ਹਾਈ ਕੋਰਟ ਪਹੁੰਚ ਗਿਆ। ਉਸ ਨੇ ਮੰਗ ਕੀਤੀ ਕਿ ਮੁਕੱਦਮੇ ਦੀ ਮੁੜ ਸੁਣਵਾਈ ਦੀ ਇਜਾਜ਼ਤ ਦਿੱਤੀ ਜਾਵੇ। ਅਦਾਲਤ ਨੇ ਇਹ ਵੀ ਨਹੀਂ ਪੁੱਛਿਆ ਕਿ ਤੂੰ ਤਾਂ ਇੱਕ ਸਾਲ ਦਾ ਸਟੇਅ ਲਵਾਇਆ ਸੀ ਹੁਣ ਕਾਹਲੀ ਕਾਹਦੀ, ਇਜਾਜ਼ਤ ਦੇ ਦਿੱਤੀ। ਇਸ ਵਾਰ 27 ਫ਼ਰਵਰੀ ਨੂੰ ਜਦੋਂ ਮੁੜ ਸੁਣਵਾਈ ਸ਼ੁਰੂ ਹੋਈ, ਪਹਿਲੇ ਜੱਜ ਦੀ ਥਾਂ ਨਵਾਂ ਜੱਜ ਆ ਚੁੱਕਾ ਸੀ। ਨਵੇਂ ਜੱਜ ਨੇ ਇੱਕ ਮਹੀਨੇ ਵਿੱਚ ਹੀ ਸਾਰਾ ਮੁਕੱਦਮਾ ਸੁਣ ਕੇ ਸਜ਼ਾ ਵੀ ਸੁਣਾ ਦਿੱਤੀ।

ਅਸਲ ਵਿੱਚ 'ਭਾਰਤ ਜੋੜੋ' ਯਾਤਰਾ ਤੋਂ ਬਾਅਦ ਰਾਹੁਲ ਗਾਂਧੀ ਦੇ ਨਵੇਂ ਰੂਪ ਨੇ ਭਾਜਪਾ ਤੇ ਸੰਘ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ। ਆਪਣੀ ਪੰਜ ਮਹੀਨੇ ਲੰਮੀ ਯਾਤਰਾ ਦੌਰਾਨ ਰਾਹੁਲ ਗਾਂਧੀ ਨੇ ਜਿਸ ਤਰ੍ਹਾਂ ਲੋਕਾਂ ਨੂੰ ਭੈਅਮੁਕਤ ਕੀਤਾ, ਉਨ੍ਹਾਂ ਨੂੰ ਬੇਰੁਜ਼ਗਾਰੀ ਤੇ ਮਹਿੰਗਾਈ ਵਰਗੇ ਮੁੱਦਿਆਂ ਦੇ ਰੂ-ਬ-ਰੂ ਕਰਾਇਆ, ਸੰਘ ਦੇ ਨਫ਼ਰਤੀ ਮਨਸੂਬਿਆਂ ਨੂੰ ਬੇਨਕਾਬ ਕੀਤਾ ਤੇ ਸਭ ਤੋਂ ਵਧ ਕੇ ਮੋਦੀ-ਅਡਾਨੀ ਦੇ ਰਿਸ਼ਤਿਆਂ ਦਾ ਸੱਚ ਉਜਾਗਰ ਕੀਤਾ, ਉਸ ਨੇ ਰਾਹੁਲ ਦੀ ਕੌਮੀ ਹੀ ਨਹੀਂ, ਕੌਮਾਂਤਰੀ ਆਗੂ ਵਜੋਂ ਪਛਾਣ ਬਣਾ ਦਿੱਤੀ ਹੈ। ਰਾਸ਼ਟਰਪਤੀ ਦੇ ਭਾਸ਼ਣ ਉੱਤੇ ਬਹਿਸ ਦੌਰਾਨ ਰਾਹੁਲ ਗਾਂਧੀ ਵੱਲੋਂ ਅਡਾਨੀ ਉੱਤੇ ਕੀਤੇ ਗਏ ਤਾਬੜਤੋੜ ਹਮਲਿਆਂ ਤੋਂ ਮੋਦੀ ਜੁੰਡਲੀ ਪੂਰੀ ਤਰ੍ਹਾਂ ਘਬਰਾ ਗਈ ਸੀ। ਉਸ ਨੇ ਫੈਸਲਾ ਕਰ ਲਿਆ ਕਿ ਹਰ ਹਾਲਤ 'ਚ ਰਾਹੁਲ ਗਾਂਧੀ ਦੀ ਅਵਾਜ਼ ਨੂੰ ਦਬਾਇਆ ਜਾਵੇ। ਸ਼ੁਰੂ ਵਿੱਚ ਰਾਹੁਲ ਗਾਂਧੀ ਦੇ ਵਿਦੇਸ਼ ਵਿੱਚ ਦਿੱਤੇ ਬਿਆਨਾਂ ਨੂੰ ਮੁੱਦਾ ਬਣਾ ਕੇ ਸੰਸਦ ਦੀ ਕਾਰਵਾਈ ਵਿੱਚ ਰੁਕਾਵਟ ਖੜ੍ਹੀ ਕੀਤੀ ਗਈ। ਭਾਰਤ ਦੇ ਸੰਸਦੀ ਇਤਿਹਾਸ ਵਿੱਚ ਇਹ ਅਜੀਬ ਵਰਤਾਰਾ ਵਾਪਰਿਆ, ਜਦੋਂ ਸੱਤਾ ਪੱਖ ਨੇ ਹੀ ਸੰਸਦ ਨਾ ਚੱਲਣ ਦਿੱਤੀ ਹੋਵੇ। ਰਾਹੁਲ ਗਾਂਧੀ ਵਾਰ-ਵਾਰ ਕਹਿੰਦੇ ਰਹੇ ਕਿ ਉਨ੍ਹਾਂ ਨੂੰ ਆਪਣੇ ਉੱਤੇ ਲਾਏ ਜਾ ਰਹੇ ਦੋਸ਼ਾਂ ਦੀ ਸਫ਼ਾਈ ਦੇਣ ਦਾ ਮੌਕਾ ਦਿੱਤਾ ਜਾਵੇ, ਪਰ ਸੱਤਾ ਪੱਖ ਤਾਂ ਰਾਹੁਲ ਗਾਂਧੀ ਦੀ ਜ਼ੁਬਾਨ ਬੰਦ ਕਰਨ ਦਾ ਫੈਸਲਾ ਲੈ ਚੁੱਕਾ ਸੀ। ਇਸ ਲਈ ਬਜਟ ਵੀ ਬਿਨਾਂ ਬਹਿਸ ਤੋਂ ਪਾਸ ਕਰਕੇ ਲੋਕਤੰਤਰ ਦੇ ਆਖਰੀ ਬਚੇ ਥੰਮ੍ਹ ਸੰਸਦ ਨੂੰ ਵੀ ਆਪਣੀ ਬਾਂਦੀ ਬਣਾ ਲਿਆ ਗਿਆ। ਇਸ ਕੜੀ ਵਜੋਂ ਹੀ ਸੂਰਤ ਦੀ ਇੱਕ ਅਦਾਲਤ ਦੀਆਂ ਫਾਈਲਾਂ ਵਿੱਚ ਦੱਬੇ ਇੱਕ ਪੁਰਾਣੇ ਕੇਸ ਨੂੰ ਖੁੱਲ੍ਹਵਾ ਕੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖ਼ਤਮ ਕਰ ਦਿੱਤੀ ਗਈ।

ਇਸ ਸਮੇਂ ਸੰਘ ਨੇ ਮੋਦੀ ਨਾਲ ਮਿਲ ਕੇ ਰਾਹੁਲ ਗਾਂਧੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਠਾਣ ਲਈ ਹੈ। ਉਧਰ ਰਾਹੁਲ ਗਾਂਧੀ ਨੇ ਵੀ ਕਹਿ ਦਿੱਤਾ ਹੈ ਕਿ ਉਸ ਨੂੰ ਭਾਵੇਂ ਜੇਲ੍ਹ ਵਿੱਚ ਸੁੱਟ ਦਿੱਤਾ ਜਾਵੇ, ਉਹ ਝੁਕਣਗੇ ਨਹੀਂ। ਇਸ ਸਮੇਂ ਲੜਾਈ ਆਰ-ਪਾਰ ਦੀ ਹੋ ਚੁੱਕੀ ਹੈ। ਇਹ ਚੰਗੀ ਗੱਲ ਹੈ ਕਿ ਸੱਤਾਧਾਰੀਆਂ ਵੱਲੋਂ ਚੁੱਕੇ ਇਸ ਗੈਰ-ਲੋਕਤੰਤਰੀ ਕਦਮ ਨੇ ਸਮੁੱਚੀ ਵਿਰੋਧੀ ਧਿਰ ਨੂੰ ਇੱਕਮੁੱਠ ਕਰ ਦਿੱਤਾ ਹੈ। ਇਸ ਦਾ ਮਤਲਬ ਇਹ ਬਿਲਕੁੱਲ ਨਹੀਂ ਕਿ ਸਭ ਪਾਰਟੀਆਂ ਨੇ ਰਾਹੁਲ ਨੂੰ ਆਪਣਾ ਆਗੂ ਮੰਨ ਲਿਆ ਹੈ। ਮਹੱਤਵਪੂਰਨ ਇਹ ਹੈ ਕਿ ਭਾਰਤੀ ਲੋਕਤੰਤਰ ਬਾਰੇ ਜੋ ਸਮਝ ਰਾਹੁਲ ਗਾਂਧੀ ਦੀ ਹੈ, ਉਹ ਇੱਕ ਆਮ ਰਾਜਨੀਤਕ ਸਮਝ ਦਾ ਰੂਪ ਲੈ ਰਹੀ ਹੈ, ਜੋ ਭਾਰਤੀ ਲੋਕਤੰਤਰ ਲਈ ਜ਼ਰੂਰੀ ਹੈ। ਇਸ ਸਮੇਂ 2024 ਦੀਆਂ ਲੋਕ ਸਭਾ ਚੋਣਾਂ ਸਿਰ ਉੱਤੇ ਹਨ, ਜਦੋਂ ਸੰਸਦ ਤੋਂ ਵੱਡੀ ਭੂਮਿਕਾ ਸੜਕ ਦੀ ਹੋਵੇਗੀ। ਸੱਤਾਧਾਰੀਆਂ ਨੇ ਰਾਹੁਲ ਗਾਂਧੀ ਤੇ ਸਮੁੱਚੀ ਵਿਰੋਧੀ ਧਿਰ ਨੂੰ ਸੜਕਾਂ ਉੱਤੇ ਨਿਕਲਣ ਦਾ ਮੁੱਦਾ ਦੇ ਦਿੱਤਾ ਹੈ। ਕੱਲ੍ਹ ਤੱਕ ਜਿਹੜੀਆਂ ਪਾਰਟੀਆਂ ਕਾਂਗਰਸ ਤੋਂ ਦੂਰੀ ਬਣਾ ਕੇ ਚਲਦੀਆਂ ਸਨ, ਅੱਜ ਸਭ ਇੱਕਜੁੱਟ ਹੋ ਕੇ ਰਾਹੁਲ ਨਾਲ ਖੜ੍ਹੀਆਂ ਹੋ ਰਹੀਆਂ ਹਨ। ਭਾਰਤੀ ਕਮਿਊਨਿਸਟ ਪਾਰਟੀ (ਲਿਬਰੇਸ਼ਨ) ਨੇ ਪਟਨਾ ਵਿੱਚ ਸੜਕਾਂ ਉੱਤੇ ਉਤਰ ਕੇ ਕਿਹਾ ਕਿ ਇਹ ਰਾਹੁਲ ਗਾਂਧੀ ਉੱਤੇ ਨਹੀਂ, ਲੋਕਤੰਤਰ ਉੱਤੇ ਹਮਲਾ ਹੈ। ਪਾਰਟੀ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਕਾਂਗਰਸ ਪ੍ਰਧਾਨ ਦੀ ਚਿੱਠੀ ਲਿਖ ਕੇ ਵਿਰੋਧੀ ਦਲਾਂ ਨੂੰ ਏਕਤਾ ਦੀ ਅਪੀਲ ਕੀਤੀ ਹੈ। ਤੇਲੰਗਾਨਾ ਦੇ ਮੁੱਖ ਮੰਤਰੀ ਚੰਦਰ ਸ਼ੇਖਰ ਨੇ ਵੀ ਕਿਹਾ ਹੈ ਕਿ ਹੁਣ ਵਿਰੋਧੀ ਪਾਰਟੀਆਂ ਨੂੰ ਸਭ ਮਤਭੇਦ ਭੁਲਾ ਕੇ ਇੱਕ ਮੰਚ ਉੱਤੇ ਆਉਣਾ ਚਾਹੀਦਾ ਹੈ।

-ਚੰਦ ਫਤਿਹਪੁਰੀ

ਜਿਸ ਸੇ ਡਰਤੇ ਥੇ ਵੋਹੀ ਬਾਤ ਹੋ ਗਈ...



ਮੰਗਤ ਰਾਮ ਪਾਸਲਾ

ਪੰਜਾਬ ਦੇ ਭਵਿੱਖ ਲਈ ਚਿੰਤਾਤੁਰ ਸਿਆਸੀ ਵਿਸ਼ਲੇਸ਼ਕਾਂ ਅਤੇ ਬੁੱਧੀਜੀਵੀਆਂ ਵੱਲੋਂ ਸੂਬੇ ਦੇ ਹਾਲਾਤ ਵਿਗੜਣ ਦੀਆਂ ਜਿਸ ਕਿਸਮ ਦੀਆਂ ਕਿਆਸ-ਅਰਾਈਆਂ ਪਿਛਲੇ ਕਈ ਮਹੀਨਿਆਂ ਤੋਂ ਲਾਈਆਂ ਜਾ ਰਹੀਆਂ ਸਨ, ਮੰਦੇ ਭਾਗੀਂ ਪੰਜਾਬ ਦੇ ਮੌਜੂਦਾ ਹਾਲਾਤ ਐਨ ਉਸੇ ਦਿਸ਼ਾ ਵੱਲ ਨੂੰ ਜਾ ਰਹੇ ਜਾਪਦੇ ਹਨ। ਗਲੀਆਂ, ਬਜ਼ਾਰਾਂ 'ਚ ਤੇ ਸੜਕਾਂ ਉਪਰ ਪੁਲਸ ਤੇ ਅਰਧ ਸੈਨਿਕ ਬਲਾਂ ਦੀਆਂ ਟੁਕੜੀਆਂ ਮਾਰਚ ਕਰ ਰਹੀਆਂ ਹਨ। ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਸਨ। ਆਮ ਲੋਕਾਂ ਦੇ ਮਨਾਂ ਅੰਦਰ ਸਹਿਮ ਤੇ ਅਨਿਸ਼ਚਿਤਤਾ ਘਰ ਕਰਦੀ ਜਾ ਰਹੀ ਹੈ। ਇਹ ਸਾਰਾ ਕੁਝ 'ਵਾਰਿਸ ਪੰਜਾਬ ਦੇ' ਨਾਮੀ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਦੇ ਨਤੀਜੇ ਵਜੋਂ ਵਾਪਰਿਆ ਹੈ।

ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਹਿਯੋਗੀਆਂ ਵਿਰੁੱਧ ਪਿਛਲੇ ਦਿਨੀਂ ਸਰਹੱਦੀ ਕਸਬੇ ਅਜਨਾਲਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਥਾਣੇ ਉਪਰ ਆਪਣੇ ਸੰਗਠਨ ਨਾਲ ਸਬੰਧਤ ਇਕ ਗ੍ਰਿਫ਼ਤਾਰ ਵਿਅਕਤੀ ਨੂੰ ਛੁਡਵਾਉਣ ਲਈ ਕੀਤੇ ਗਏ ਧਾਵੇ ਦੇ ਸੰਬੰਧ 'ਚ ਕੇਸ ਦਰਜ ਕੀਤੇ ਗਏ ਹਨ। ਦੁੱਖ ਦੀ ਗੱਲ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਨਾਲ ਦੇ ਥਾਣੇ 'ਤੇ ਧਾਵਾ ਬੋਲਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਆਪਣੇ ਨਾਲ ਲੈ ਗਏ ਸਨ, ਤਾਂ ਕਿ ਪੁਲਸ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਡਰਦੀ ਆਪਣੀ ਸੁਰੱਖਿਆ ਲਈ ਜਵਾਬੀ ਕਾਰਵਾਈ ਨਾ ਕਰ ਸਕੇ। ਜੇਕਰ ਪੁਲਸ ਅਜਿਹੀ ਕਾਰਵਾਈ ਕਰਨ ਦੀ ਜ਼ੁਰਅਤ ਕਰੇ ਵੀ ਤਾਂ ਥਾਣੇ ਦੇ ਅਧਿਕਾਰੀਆਂ ਤੇ ਕਰਮਚਾਰੀਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੇ ਦੋਸ਼ ਮੜ੍ਹੇ ਜਾ ਸਕਣ ਅਤੇ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਲੰਘੀ ਸਦੀ ਦੇ ਅੱਠਵੇਂ ਅਤੇ ਨੌਵੇਂ ਦਹਾਕਿਆਂ ਵਾਲਾ ਕੁਲਹਿਣਾ ਦੌਰ ਮੁੜ ਤੋਂ ਪਰਤਾਇਆ ਜਾ ਸਕੇ।

ਜਿਸ ਦਿਨ ਤੋਂ ਅੰਮ੍ਰਿਤਪਾਲ ਸਿੰਘ ਦੁਬਈ ਤੋਂ ਪੰਜਾਬ ਪਰਤ ਕੇ ਸਿੱਖ ਨੌਜਵਾਨਾਂ ਦੀਆਂ ਭੀੜਾਂ ਦੀ ਅਗਵਾਈ ਕਰਦਿਆਂ ਇਕ ਸਿੱਖ ਧਾਰਮਕ ਆਗੂ ਵਜੋਂ ਵਿੱਚਰ ਰਿਹਾ ਸੀ, ਉਸੇ ਦਿਨ ਤੋਂ ਹੀ ਪ੍ਰਾਂਤ ਵਾਸੀਆਂ ਅਤੇ ਲੋਕ ਹਿਤੈਸ਼ੀ ਦਾਨਿਸ਼ਮੰਦਾਂ ਤੇ ਸੰਗਠਨਾਂ ਵੱਲੋਂ ਇਸ ਵਿਅਕਤੀ ਦੀਆਂ ਭੜਕਾਊ ਗਤੀਵਿਧੀਆਂ ਅਤੇ ਇਸ ਵੱਲੋਂ ਦਿੱਤੇ ਜਾਂਦੇ ਵੱਖਵਾਦੀ ਬਿਆਨਾਂ ਬਾਰੇ ਕਈ ਕਿਸਮ ਦੇ ਸ਼ੰਕੇ ਪ੍ਰਗਟਾਏ ਜਾ ਰਹੇ ਸਨ। ਜਿਸ ਢੰਗ ਨਾਲ ਰੋਡੇ ਪਿੰਡ 'ਚ ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਵਿਅਕਤੀਆਂ ਵੱਲੋਂ ਦਸਤਾਰਬੰਦੀ ਦੀ ਰਸਮ ਦੇ ਨਾਂਅ ਹੇਠ ਉਸ ਦਾ 'ਸਨਮਾਨ' ਕੀਤਾ ਗਿਆ ਸੀ, ਉਸ 'ਚੋਂ ਲੰਘੀ ਸਦੀ ਦੇ ਅੰਤਲੇ ਦਹਾਕਿਆਂ 'ਚ ਪੰਜਾਬ ਅੰਦਰ ਚੱਲੇ ਖਾਲਿਸਤਾਨੀ ਦੌਰ ਦੇ ਨਾਮ ਨਿਹਾਦ ਵੱਖਵਾਦੀ ਆਗੂਆਂ ਦੀਆਂ ਹਰਕਤਾਂ, ਬੋਲ-ਬਾਣੀ ਤੇ ਵਿਚਰਨ ਦੇ ਢੰਗਾਂ ਦੀ ਭੌਂਡੀ ਨਕਲ ਸਾਫ ਨਜ਼ਰ ਆਉਂਦੀ ਸੀ। ਅੰਮ੍ਰਿਤਪਾਲ ਸਿੰਘ ਖਾਲਸਾ ਵਹੀਰਾਂ ਘੱਲਣ ਦੇ ਨਾਂਅ ਹੇਠ ਦਾਅਵਾ ਤਾਂ ਇਹ ਕਰਦਾ ਸੀ ਕਿ ਉਸ ਦਾ ਮਕਸਦ ਸਿੱਖ ਨੌਜਵਾਨਾਂ ਨੂੰ ਨਸ਼ਾਖੋਰੀ ਤੋਂ ਮੁਕਤ ਕਰਾਉਣ ਲਈ ਅੰਮ੍ਰਿਤ ਸੰਚਾਰ ਕਰਕੇ ਇਨ੍ਹਾਂ ਨੂੰ ਸਿੱਖ ਧਰਮ ਦੀ ਮੁੱਖ ਧਾਰਾ 'ਚ ਸ਼ਾਮਲ ਕਰਨਾ ਹੈ, ਪ੍ਰੰਤੂ ਬਿਆਨਬਾਜ਼ੀ 'ਚ ਉਹ ਵਾਰ-ਵਾਰ ਸਿੱਖਾਂ ਦੀ ਗ਼ੁਲਾਮੀ ਦਾ ਜ਼ਿਕਰ ਕਰਕੇ ਖਾਲਿਸਤਾਨ ਦੀ ਮੰਗ ਨੂੰ ਉਭਾਰਨ ਅਤੇ ਹੱਕ ਬਜਾਨਬ ਠਹਿਰਾਉਣ ਦਾ ਯਤਨ ਵੀ ਕਰਦਾ ਸੀ। ਕੀ ਨਸ਼ਾ ਮੁਕਤੀ ਦਾ ਮੁੱਦਾ ਕਿਸੇ ਰੂਪ 'ਚ ਵੀ ਸਿੱਖਾਂ ਦੇ ਵੱਖਰੇ ਰਾਜ 'ਖਾਲਿਸਤਾਨ' ਨਾਲ ਸਬੰਧਤ ਹੈ? ਕੀ ਹਿੰਸਾ ਦਾ ਖੁੱਲ੍ਹਾ ਪ੍ਰਗਟਾਵਾ ਤੇ ਨਸ਼ਾ ਵਿਰੋਧੀ ਲਹਿਰ ਦੇ ਬਹਾਨੇ ਕੀਤੀਆਂ ਜਾਂਦੀਆਂ ਹਿੰਸਕ ਕਾਰਵਾਈਆਂ ਨੂੰ ਅਣਗੌਲਿਆ ਕੀਤਾ ਜਾ ਸਕਦਾ ਹੈ? ਇਸ ਸਾਰੇ ਘਟਨਾਕ੍ਰਮ ਬਾਰੇ ਪਹਿਲਾਂ ਤਾਂ ਕੇਂਦਰੀ ਤੇ ਪੰਜਾਬ ਸਰਕਾਰਾਂ ਚੁੱਪ ਸਾਧ ਕੇ ਬੈਠੀਆਂ ਰਹੀਆਂ ਤੇ ਹੁਣ ਜਦੋਂ ਪਾਣੀ ਸਿਰਾਂ ਦੇ ਉਪਰੋਂ ਦੀ ਵਹਿਣ ਲੱਗ ਪਿਆ ਤਾਂ ਸ਼ਰਾਰਤੀ ਤੱਤਾਂ ਵਿਰੁੱਧ ਕਾਰਵਾਈ ਕਰਨ ਦੇ ਬਹਾਨੇ ਪ੍ਰਸ਼ਾਸਨ ਵੱਲੋਂ ਪ੍ਰਾਂਤ ਅੰਦਰ ਡਰ ਤੇ ਸਹਿਮ ਦਾ ਮਹੌਲ ਸਿਰਜ ਦਿੱਤਾ ਗਿਆ ਹੈ। ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਸ਼ੱਕੀ ਕਿਰਦਾਰ ਵਾਲੇ ਕੁਝ ਕੁ ਅਖੌਤੀ ਹਿੰਦੂ ਆਗੂ ਵੀ ਹਿੰਸਾ ਭੜਕਾਊ ਬਿਆਨਬਾਜ਼ੀ ਕਰਕੇ ਸੂਬੇ ਦਾ ਮਾਹੌਲ ਖਰਾਬ ਕਰਨ ਅਤੇ ਭਾਈਚਾਰਿਆਂ ਵਿੱਚ ਤਰੇੜਾਂ ਪੈਦਾ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਲੋਕਾਂ ਦਾ ਇਹ ਖਦਸ਼ਾ ਨਿਰਮੂਲ ਨਹੀਂ ਹੈ ਕਿ ਇਹ ਸਾਰਾ ਕੁਝ ਕੇਂਦਰ ਸਰਕਾਰ ਦੀਆਂ ਗੁਪਤਚਰ ਏਜੰਸੀਆਂ ਦੀ ਮਿਲੀ-ਭੁਗਤ ਤੋਂ ਬਿਨਾਂ ਨਹੀਂ ਹੋ ਸਕਦਾ। ਇਹ ਚਰਚਾ ਆਮ ਹੈ ਕਿ ਕੇਂਦਰ ਸਰਕਾਰ ਤੇ ਸੰਘ-ਭਾਜਪਾ 2024 ਦੀਆਂ ਆਮ ਚੋਣਾਂ ਜਿੱਤਣ ਲਈ ਹੁਣ ਤਾਈਂ ਘੁੱਗ ਵਸਦੇ ਆ ਰਹੇ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀ ਗੰਦੀ ਖੇਡ ਖੇਡਣ 'ਚ ਗਲਤਾਨ ਹਨ।

ਸਭ ਤੋਂ ਵਡੇਰੀ ਚਿੰਤਾ ਵਾਲੀ ਗੱਲ ਇਹ ਹੈ ਕਿ ਕੁਝ ਲੋਕਾਂ ਵੱਲੋਂ ਖਾਲਿਸਤਾਨ ਦੀ ਮੰਗ ਦੇ ਪੱਜ ਕੀਤੀਆਂ ਜਾਂਦੀਆਂ ਹਿੰਸਕ ਕਾਰਵਾਈਆਂ ਨਾਲ ਸਮੁੱਚੇ ਦੇਸ਼ ਅੰਦਰ ਸਿੱਖਾਂ ਦੀ ਵਿਸ਼ਾਲ ਹਿਰਦੇ ਵਾਲੀ ਮਾਨਵਤਾਵਾਦੀ ਦਿੱਖ ਨੂੰ ਵੱਡੀ ਢਾਹ ਲੱਗਦੀ ਹੈ, ਜਿਸ ਦਾ ਸਿੱਧਾ ਲਾਹਾ ਸਿੱਖਾਂ ਨੂੰ ਹਰ ਹੀਲੇ ਬੱਦੂ ਕਰਨ ਲਈ ਪੱਬਾਂ ਭਾਰ ਹੋਈ ਬੈਠੀ ਕੇਂਦਰ ਦੀ ਮੋਦੀ ਸਰਕਾਰ ਤੇ ਇਸ ਦੇ ਆਕਾ ਆਰ.ਐੱਸ.ਐੱਸ. ਨੂੰ ਮਿਲਦਾ ਹੈ। ਫਿਰਕੂ-ਫਾਸ਼ੀਵਾਦੀ ਤਾਕਤਾਂ ਵਿਰੁੱਧ ਧਰਮ ਨਿਰਪੱਖ, ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇੱਕਜੁਟ ਲੜਾਈ ਨੂੰ ਇਸ ਕਿਸਮ ਦੀਆਂ ਭੜਕਾਊ ਕਾਰਵਾਈਆਂ ਨਾਲ ਨੁਕਸਾਨ ਪੁੱਜਦਾ ਹੈ। ਇਹ ਉਚੇਚਾ ਚੇਤੇ ਰੱਖਣ ਯੋਗ ਹੈ ਕਿ ਆਰ ਐੱਸ ਐੱਸ ਦੀ ਅਗਵਾਈ 'ਚ ਹਿੰਦੂਤਵੀ ਤਾਕਤਾਂ ਹੁਣ ਧਰਮ ਆਧਾਰਤ ਕੱਟੜ ਹਿੰਦੂ ਰਾਸ਼ਟਰ ਦੀ ਕਾਇਮੀ ਲਈ ਫਿਰਕੂ ਵੰਡ ਤਿੱਖੀ ਕਰਨ ਦੇ ਇਰਾਦੇ ਨਾਲ ਖੁੱਲ੍ਹ ਕੇ ਮੈ

27-MAR-PAGE-5.qxd 3/26/2023 9:12 PM Page 1

'ਸਾਡੇ ਬੱਚਿਆਂ ਨੂੰ ਦਵਾਈ ਦਿਓ ਜਾਂ ਸਾਨੂੰ ਤੇ ਸਾਡੇ ਬੱਚਿਆਂ ਨੂੰ ਸਲਫਾਸ ਦਿਓ'

- ਮਸਕੂਲਰ ਡਿਸਟਰੋਫੀ ਦੀ ਨਾਮੁਰਾਦ ਬਿਮਾਰੀ ਤੋਂ ਪੀੜਤਾਂ ਵੱਲੋਂ ਜੰਤਰ ਮੰਤਰ 'ਤੇ ਦੋ ਦਿਨਾ ਧਰਨਾ
- ਤਿਲ ਤਿਲ ਮਰਦੇ ਬੱਚਿਆਂ ਤੇ ਮਾਪਿਆਂ ਦੀ ਬਾਂਹ ਫੜਨ ਦੀ ਗੁਹਾਰ

ਜੰਤਰ ਮੰਤਰ ਉੱਤੇ ਦਿੱਤੇ ਧਰਨੇ 'ਚ ਸ਼ਾਮਲ ਬੱਚੇ।

ਨਵੀਂ ਦਿੱਲੀ (ਭੁਪਿੰਦਰਜੀਤ ਮੌਲਵੀਵਾਲਾ)

ਦੇਸ਼ ਭਰ ਦੇ 21 ਸੂਬਿਆਂ ਵਿੱਚੋਂ ਇੱਕ ਹਜ਼ਾਰ ਤੋਂ ਵੱਧ ਦੀ ਗਿਣਤੀ ਵਿੱਚ ਦਿੱਲੀ ਦੇ ਜੰਤਰ ਮੰਤਰ ਉੱਤੇ ਦੋ ਦਿਨਾ ਲਗਾਤਾਰ ਧਰਨਾ ਦੇ ਕੇ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਵਿੱਚ ਪੀੜਤ ਬੱਚਿਆਂ ਸਮੇਤ ਬੈਠੇ ਡਿਊਚਨ ਮਸਕੂਲਰ ਡਿਸਟਰੋਫੀ (ਮਾਸਪੇਸ਼ੀਆਂ ਤੋਂ ਪੀੜਤ ਮਰੀਜ਼) ਦੇ ਮਰੀਜ਼ਾਂ ਦੇ ਮਾਪਿਆਂ ਵੱਲੋਂ ਲਗਾਈ ਜਾ ਰਹੀ ਗੁਹਾਰ, ਨਿਕਲਦੀਆਂ ਦਿਲ ਹਲੂਣਦੀਆਂ ਹੂਕਾਂ ਤੇ ਪੀੜਤਾਂ ਵੱਲੋਂ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਨਾਅਰੇਬਾਜ਼ੀ ਨੇ ਆਸ-ਪਾਸ ਮੌਜੂਦ ਲੋਕਾਂ ਦੀਆਂ ਅੱਖਾਂ ਵਿੱਚ ਵੀ ਹੰਝੂ ਲਿਆ ਦਿੱਤੇ। ਦੂਰ ਦੁਰਾਡੇ ਤੋਂ ਆਏ ਤੁਰਨ ਤੋਂ ਅਸਮਰਥ ਇਨ੍ਹਾਂ ਬੱਚਿਆਂ ਨੂੰ ਲੈ ਕੇ ਪੁੱਜੇ ਮਾਪਿਆਂ ਨੇ ਜਦੋਂ ਕੁੱਛੜ ਚੁੱਕੇ ਇਨ੍ਹਾਂ ਨਿਆਣਿਆਂ ਨੂੰ ਸੜਕ ਉੱਤੇ ਲੰਮੇ ਪਾ ਦਿੱਤਾ ਤਾਂ ਉਸ ਸਮੇਂ ਪੈ ਰਹੇ ਮੀਂਹ ਤੋਂ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਰੱਬ ਵੀ ਰੋ ਰਿਹਾ ਹੋਵੇ।

"ਸਾਡੇ ਬੱਚਿਆਂ ਨੂੰ ਦਵਾਈ ਦਿਓ ਜਾਂ ਸਾਨੂੰ ਤੇ ਸਾਡੇ ਬੱਚਿਆਂ ਨੂੰ ਸਲਫਾਸ ਦਿਓ।" ਇਸ ਲੱਗੇ ਜ਼ੋਰਦਾਰ ਨਾਅਰੇ ਨੇ ਨਾ ਸਿਰਫ ਇਨਸਾਨੀਅਤ ਨੂੰ ਸਰਮਸ਼ਾਰ ਕਰ ਦਿੱਤਾ, ਸਗੋਂ ਹਿੱਕਾਂ ਠੋਕ ਕੇ ਵੱਡੇ ਵੱਡੇ ਦਾਅਵੇ ਕਰਨ ਵਾਲੀ ਕੇਂਦਰੀ ਹਕੂਮਤ ਦੇ ਲੋਕ ਹੇਜ ਦਾ ਪਾਜ ਵੀ ਖੋਲ੍ਹ ਕੇ ਰੱਖ ਦਿੱਤਾ। ਆਲ ਇੰਡੀਆ ਡਿਊਚਨ ਮਸਕੂਲਰ ਡਿਸਟਰੋਫੀ ਐਸੋਸੀਏਸਨ ਦੇ ਵੱਖ ਵੱਖ ਸੂਬਿਆਂ ਦੇ ਕੁਆਡੀਨੇਟਰਾਂ ਸਰਵਸ਼੍ਰੀ ਅਜੈ ਕੁਮਾਰ, ਵਿਵੇਕ ਕੁਮਾਰ, ਇੰਦਰਪ੍ਰੀਤ ਕੌਰ ਪੰਜਾਬ ਤੇ ਦਿਨੇਸ਼ ਕੁਮਾਰ ਹਰਿਆਣਾ ਨੇ ਕਿਹਾ ਕਿ ਕੁਦਰਤ ਦੀ ਕ੍ਰੋਪੀ ਦਾ ਸ਼ਿਕਾਰ ਇਨ੍ਹਾਂ ਬੱਚਿਆਂ 'ਤੇ ਸਰਕਾਰਾਂ ਵੀ ਕਰੋਪ ਹਨ, ਕਿਉਂਕਿ ਹਾਲੇ ਤੱਕ ਕਿਸੇ ਵੀ ਸਰਕਾਰ ਨੇ ਇਸ ਬਿਮਾਰੀ ਤੋਂ ਪੀੜਤਾਂ ਦੀ ਬਾਂਹ ਨਹੀਂ ਫੜੀ। ਨਾਮੁਰਾਦ ਬਿਮਾਰੀ ਕਾਰਨ ਦੇਸ਼ ਵਿੱਚ ਹਰ ਸਾਲ ਪੰਜ ਹਜ਼ਾਰ ਤੋਂ ਵਧੇਰੇ ਬੱਚੇ ਦਮ ਤੋੜ ਰਹੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਬੱਚਿਆਂ ਦੇ ਨਾਲ ਨਾਲ ਉਨ੍ਹਾਂ ਦੇ ਮਾਪੇ ਤਿਲ ਤਿਲ ਕਰਕੇ ਹਰ ਰੋਜ਼ ਮਰ ਰਹੇ ਹਨ। ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਜਦੋਂ ਦੇਸ਼ ਆਪਣਾ ਗਣਤੰਤਰ ਦਿਵਸ ਮਨਾ ਰਿਹਾ ਸੀ, ਉਸ ਸਮੇਂ ਮੱਧ ਪ੍ਰਦੇਸ਼ ਦੇ ਬਦੀਸਾ 'ਚ ਰਹਿਣ ਵਾਲੇ ਸੰਜੀਵ ਮਿਸਰਾ ਦੇ ਇਸ ਨਾਮੁਰਾਦ ਬਿਮਾਰੀ ਤੋਂ ਪੀੜਤ ਦੋ ਬੱਚਿਆਂ ਸਮੇਤ ਪਤੀ-ਪਤਨੀ ਵੱਲੋਂ ਕੀਤੀ ਗਈ ਖੁਦਕੁਸ਼ੀ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ, ਪਰ ਸਮੇਂ ਦੇ ਹਾਕਮਾਂ ਨੂੰ ਬਿਲਕੁਲ ਵੀ ਸ਼ਰਮ ਨਹੀਂ ਆਈ ਤੇ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਇਨ੍ਹਾਂ ਪਰਿਵਾਰਾਂ ਦੀ ਬਾਂਹ ਫੜਨ ਲਈ ਕੇਂਦਰ ਸਰਕਾਰ ਵੱਲੋਂ ਕੁਝ ਵੀ ਨਹੀਂ ਕੀਤਾ ਗਿਆ।

ਬਿਹਾਰ ਤੋਂ ਸੌ ਤੋਂ ਕਰੀਬ ਪੀੜਤਾਂ ਨਾਲ ਸੈਂਕੜੇ ਕਿਲੋਮੀਟਰ ਦਾ ਸਫਰ ਰੇਲਾਂ ਰਾਹੀਂ ਤਹਿ ਕਰਕੇ ਪੁੱਜੇ ਕੁਆਡੀਨੇਟਰ ਸੰਤੋਸ਼ ਕੁਮਾਰ ਤੇ ਘਣਸ਼ਿਆਮ ਨੇ ਦੱਸਿਆ ਕਿ ਬਿਹਾਰ ਦੇ ਪੀੜਤ ਪਰਵਾਰਾਂ ਵੱਲੋਂ ਕੀਤੇ ਗਏ ਲੰਬੇ ਸੰਘਰਸ਼ ਮਗਰੋਂ ਬਿਹਾਰ ਸਰਕਾਰ ਨੇ ਬੱਚਿਆਂ ਦੀ ਸਾਂਭ ਸੰਭਾਲ ਲਈ ਇੱਕਮੁਸ਼ਤ 6 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਪ੍ਰਦਾਨ ਕਰਵਾਈ ਹੈ, ਜੋ ਸਿਰਫ ਡੇਢ ਸੌ ਦੇ ਕਰੀਬ ਪੀੜਤ ਪਰਵਾਰਾਂ ਨੂੰ ਮਿਲੀ ਹੈ। ਸਮੁੱਚੇ ਦੇਸ਼ ਦੇ ਪੀੜਤ ਪਰਿਵਾਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਬੱਝਵੇਂ ਸੰਘਰਸ਼ ਤੋਂ ਬਿਨਾਂ ਸੁਣਵਾਈ ਦੀ ਕੋਈ ਉਮੀਦ ਨਹੀਂ।

ਰਾਜਸਥਾਨ ਤੋਂ ਪੁੱਜੇ ਰਾਮ ਗੋਪਾਲ ਸ਼ਰਮਾ ਤੇ ਦਿੱਲੀ ਦੇ ਆਗੂ ਰਤਨੇਸ਼ ਵਰਮਾ ਨੇ ਕਿਹਾ ਕਿ ਸਾਡੇ ਲੀਡਰਾਂ ਨੇ ਲੋਕਤੰਤਰ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਰਾਜਸਥਾਨ ਹਾਈ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਦੇ ਬਾਵਜੂਦ ਕੇਂਦਰ ਸਰਕਾਰ ਤੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਨਵੀਂ ਦਿੱਲੀ ਵੱਲੋਂ ਹੁਕਮਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਲੋਕਾਂ ਨੂੰ ਜੇਕਰ ਕੋਈ ਸਹਾਰਾ ਹੈ, ਤਾਂ ਉਹ ਸਿਰਫ ਅਦਾਲਤਾਂ ਦਾ ਹੈ। ਇਸ ਲਈ ਉਨ੍ਹਾਂ ਵੱਲੋਂ ਜਲਦ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦਾਸ ਸਿੰਗਲਾ, ਸੁੰਦਰ ਸਿੰਘ ਪਵਾਰ, ਦਿਨੇਸ਼ ਕੁਮਾਰ ਯਾਦਵ, ਮਨੋਜ ਸ਼ਰਮਾ, ਅਰੁਣ ਕੁਮਾਰ, ਵਿਜੇ ਸੋਨੀ, ਸੂਰਿਆ ਮਨੀ ਨਾਇਕ, ਰਤਨ ਕੁਮਾਰ ਪ੍ਰਧਾਨ, ਸੱਤਿਆ ਪ੍ਰਕਾਸ਼ ਪਾਠਕ, ਨੇਹਾ ਕਾਲੀਆ, ਦਲੀਪ ਸਿੰਘ ਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਮਹਿੰਗਾਈ ਨੇ ਮਿਹਨਤਕਸ਼ ਲੋਕਾਂ ਦਾ ਜਿਊਣਾ ਦੁੱਭਰ ਕੀਤਾ : ਚੌਹਾਨ/ਉੱਡਤ

ਥੋਕ ਕਰਿਆਨਾ ਖਾਦ ਪੱਲੇਦਾਰ ਯੂਨੀਅਨ (ਏਟਕ) ਸਰਦੂਲਗੜ੍ਹ ਦੀ ਮੀਟਿੰਗ

ਸਰਦੂਲਗੜ੍ਹ (ਅਵਤਾਰ ਜਟਾਣਾ)

ਸਥਾਨਕ ਸਰਕਾਰੀ ਸਕੂਲ ਦੇ ਖੇਡ ਗਰਾਊਂਡ ਵਿਖੇ ਥੋਕ ਕਰਿਆਨਾ ਖਾਦ ਪੱਲੇਦਾਰ ਯੂਨੀਅਨ (ਏਟਕ) ਦੀ ਇੱਕ ਅਹਿਮ ਮੀਟਿੰਗ ਸਾਥੀ ਜਰਨੈਲ ਸਿੰਘ ਸਰਦੂਲਗੜ੍ਹ ਤੇ ਨਾਇਬ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜੱਥੇਬੰਦੀ ਦੀ ਮੈਂਬਰਸ਼ਿਪ, ਮਜ਼ਦੂਰ ਦਿਵਸ ਮਨਾਉਣ ਤੇ ਜਥੇਬੰਦਕ ਆਦਿ ਏਜੰਡਿਆਂ 'ਤੇ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਸਦਕਾ ਅੱਜ ਮਹਿੰਗਾਈ ਆਪਣੇ ਚਰਮਸੀਮਾ 'ਤੇ ਪੁੱਜ ਚੁੱਕੀ ਹੈ ਤੇ ਮਹਿੰਗਾਈ ਨੇ ਕਿਰਤੀ ਵਰਗ ਦਾ ਜੀਵਨ ਜਿਊਣਾ ਦੁੱਭਰ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਮੋਦੀ ਹਕੂਮਤ ਨੇ ਆਪਣੇ 9 ਸਾਲਾਂ ਦੇ ਕਾਰਜਕਾਲ ਦੌਰਾਨ ਕਾਰਪੋਰੇਟ ਘਰਾਣਿਆਂ ਨੂੰ ਮਾਲੋਮਾਲ ਕੀਤਾ ਤੇ ਕਿਰਤੀ ਵਰਗ ਨੂੰ ਲਤਾੜਿਆ।

ਉਨ੍ਹਾਂ ਕਿਹਾ ਕਿ ਗਰੀਬੀ ਤੇ ਅਮੀਰੀ ਵਿਚਲੀ ਖਾਹੀ ਏਨੀ ਡੂੰਘੀ ਹੋ ਚੁੱਕੀ ਹੈ ਕਿ ਦੇਸ਼ ਵਿੱਚ ਦੌਲਤ ਦੇ 73 ਪ੍ਰਤੀਸ਼ਤ ਹਿੱਸੇ 'ਤੇ ਇੱਕ ਪ੍ਰਤੀਸ਼ਤ ਲੋਕਾਂ ਦਾ ਕਬਜ਼ਾ ਹੋ ਚੁੱਕਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਏਟਕ ਦੇ ਆਗੂ ਸਾਥੀ ਪੂਰਨ ਸਿੰਘ ਸਰਦੂਲਗੜ੍ਹ ਨੇ ਕਿਹਾ ਕਿ ਮਜ਼ਦੂਰ ਦਾ ਇਤਿਹਾਸਕ ਦਿਨ ਮਈ ਪੂਰੇ ਇਨਕਲਾਬੀ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਨਾਇਬ ਸਿੰਘ ਸਰਦੂਲਗੜ੍ਹ, ਗੁਰਮੇਲ ਸਿੰਘ, ਬਿੱਲੂ ਸਿੰਘ, ਰਾਜ ਸਿੰਘ, ਲਾਭ ਸਿੰਘ, ਜਨਕ ਸਿੰਘ ਸਰਦੂਲਗੜ੍ਹ ਤੇ ਪ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

ਕੁਰੜ ਵਿਖੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਸਮਰਪਤ ਕਾਨਫਰੰਸ ਤੇ ਨਾਟਕ ਮੇਲਾ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸ਼ਹੀਦ ਭਗਤ ਸਿੰਘ ਯੂਥ ਕਲੱਬ ਕੁਰੜ ਵੱਲੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਕਿਸਾਨ ਆਗੂਆਂ ਤੇ ਭਰਾਤਰੀ ਜਥੇਬੰਦੀ ਦੇ ਆਗੂਆਂ ਨੇ ਮੌਜੂਦਾ ਸਮੇਂ ਵਿੱਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਵਿਚਾਰਾਂ ਦੀ ਅਜੋਕੇ ਦੌਰ ਵਿੱਚ ਸਾਰਥਿਕਤਾ ਦੀ ਵਿਸਥਾਰ ਵਿੱਚ ਗੱਲ ਕੀਤੀ। ਇਸ ਸਮੇਂ ਇਨਕਲਾਬੀ ਕੇਂਦਰ ਦੇ ਨਰਾਇਣ ਦੱਤ, ਕਿਸਾਨ ਆਗੂਆਂ ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਨੌਜਵਾਨ ਆਗੂ ਹਰਪ੍ਰੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹਾਦਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਅਧੂਰੇ ਮਿਸ਼ਨ ਦੀ ਪੂਰਤੀ ਲਈ ਲਾਮਬੰਦੀ ਤੇਜ਼ ਕਰਕੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਵਿਚਾਰਧਾਰਾ ਨੂੰ ਘਰ ਘਰ ਤਕ ਲੈ ਕੇ ਜਾਣ ਦਾ ਸੱਦਾ ਦਿੱਤਾ। ਸਿਰਜਣਾ ਆਰਟ ਗਰੁੱਪ ਰਾਏਕੋਟ ਡਾ: ਸੋਮ ਪਾਲ ਹੀਰਾ ਦੀ ਨਿਰਦੇਸ਼ਨਾਂ ਹੇਠ ਨਾਟਕ 'ਐ ਭਗਤ ਸਿੰਘ ਤੂੰ ਜ਼ਿੰਦਾ ਹੈ', 'ਮੈਂ ਅੰਦੋਲਨ ਜੀਵੀ ਹਾਂ' ਤੇ ਕੋਰਿਉਗ੍ਰਾਫੀਆਂ 'ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ', 'ਮੇਰਾ ਰੰਗ ਦੇ ਬਸੰਤੀ ਚੋਲਾ' ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੀਆਂ। ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਨੇ ਇਤਿਹਾਸ ਵਿੱਚੋਂ ਰਚਨਾਵਾਂ, ਲਖਵਿੰਦਰ ਠੀਕਰੀਵਾਲਾ, ਬਲਦੇਵ ਸਿੰਘ ਸਹੌਰ ਤੇ ਨਰਿੰਦਰ ਸਿੰਗਲਾ ਨੇ ਇਨਕਲਾਬੀ ਗੀਤ, ਕਵਿਤਾਵਾਂ ਪੇਸ਼ ਕੀਤੇ। ਇਸ ਸਮੇਂ ਡਾ. ਰਜਿੰਦਰ ਪਾਲ, ਸੁਖਵਿੰਦਰ ਸਿੰਘ, ਮਾ: ਮਜੀਦ ਖਾਂ, ਰਜਿੰਦਰ ਸਿੰਘ, ਭਾਗ ਸਿੰਘ ਕੁਰੜ, ਸੁਖਦੇਵ ਸਿੰਘ ਕੁਰੜ, ਮਨਦੀਪ ਸਿੰਘ ਮਨੀ, ਮਨਦੀਪ ਸਿੰਘ ਹੇਅਰ, ਜਸਵਿੰਦਰ ਕੌਰ, ਨੀਲਮ ਰਾਣੀ, ਅਮਰਜੀਤ ਸਿੰਘ ਠੁੱਲੀਵਾਲ, ਬਲਵੀਰ ਸਿੰਘ ਕੁਰੜ, ਜਸਪਾਲ ਸਿੰਘ, ਅੰਮ੍ਰਿਤ ਸਿੰਘ, ਕਰਮਵੀਰ ਸਿੰਘ, ਕਰਮਜੀਤ ਸਿੰਘ, ਜਸਕਰਨ ਸਿੰਘ, ਹਰਦੇਵ ਸਿੰਘ ਆਦਿ ਆਗੂ ਹਾਜ਼ਰ ਸਨ।

ਕਾਤਰਾਂ

ਪੀਰ ਬਾਬਾ ਨੂਰੇਸ਼ਾਹ ਦੀ ਦਰਗਾਹ 'ਤੇ ਸੱਭਿਆਚਾਰਕ ਮੇਲਾ 30 ਨੂੰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਿੰਡ ਦਿਉਗੜ੍ਹ ਵਿਖੇ ਪੀਰ ਬਾਬਾ ਨੂਰੇਸ਼ਾਹ ਦੀ ਦਰਗਾਹ 'ਤੇ ਵਿਸ਼ਾਲ ਭੰਡਾਰਾ ਤੇ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ। ਪੰਜਾਬ ਪੁਲਸ ਦੇ ਸੇਵਾ ਮੁਕਤ ਇੰਸਪੈਕਟਰ ਸ਼ਮਸ਼ੇਰ ਸਿੰਘ ਗੁੱਡੂ ਦੀ ਅਗਵਾਈ 'ਚ ਕਰਵਾਏ ਜਾ ਰਹੇ ਇਨ੍ਹਾਂ ਪ੍ਰੋਗਰਾਮਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਜਾਣਕਰੀ ਦਿੰਦਿਆਂ ਸ਼ਮਸ਼ੇਰ ਸਿੰਘ ਗੁੱਡੂ ਤੇ ਗੁਰਬਚਨ ਸਿੰਘ ਮਾਨ ਨੇ ਦੱਸਿਆ ਕਿ 30 ਮਾਰਚ ਨੂੰ ਵਿਸ਼ਾਲ ਭੰਡਾਰਾ ਜਿੱਥੇ ਕਰਵਾਇਆ ਜਾ ਰਿਹਾ ਹੈ, ਉੱਥੇ ਹੀ ਇਸੇ ਦਿਨ ਹੀ ਕਰਵਾਏ ਜਾ ਰਹੇ ਪੀਰ ਬਾਬੇ ਦੀ ਉਸਤਤ ਵਿੱਚ ਸਮਾਗਮ ਵਿੱਚ ਮਸ਼ਹੂਰ ਕੱਵਾਲ ਸਰਦਾਰ ਅਲੀ, ਸੁਰਿੰਦਰ ਛਿੰਦਾ, ਇੰਦਰਜੀਤ ਨਿੱਕੂ, ਅਮਨਰੋਜ਼ੀ, ਗੁਰਜੈਜ਼, ਵਿੱਕੀ ਧਾਲੀਵਾਲ, ਜੈਲੀ, ਗਲਵ ਵੜੈਚ, ਹਰਸ਼ ਪੰਧੇਰ ਤੇ ਬੀ. ਸੰਧੂ ਸਮੇਤ ਹੋਰ ਵੀ ਬਹੁਤ ਸਾਰੇ ਕਲਾਕਾਰ ਪਹੁੰਚ ਰਹੇ ਹਨ।

ਇਨ੍ਹਾਂ ਪ੍ਰੋਗਰਾਮਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ ਤੇ ਇਸ ਵਿੱਚ ਇਲਾਕੇ ਦੇ ਬਹੁਤ ਸਾਰੇ ਲੋਕਾਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ, ਪ੍ਰਧਾਨ ਕਰਮਜੀਤ ਸਿੰਘ ਕਾਲੇਕਾ, ਗੁਰਪਿੰਦਰ ਸਿੰਘ ਕਾਲੇਕਾ, ਦਸੌਂਧਾ ਸਿੰਘ ਦਿਉਗੜ੍ਹ, ਬੰਟੀ ਗਿੱਲ, ਦਰਸ਼ਨ ਸਿੰਘ, ਸ਼ਰਮਾ ਹਾਮਝੇੜੀ, ਚਰਨਜੀਤ ਸਿੰਘ ਦਿਉਗੜ੍ਹ, ਕੌਂਸਲਰ ਬਰਜਿੰਦਰ ਸਿੰਘ ਸਮੇਤ ਹੋਰ ਬਹੁਤ ਸਾਰੇ ਆਗੂ ਬਹੁਤ ਮੌਜੂਦ ਸਨ।

ਉੱਤਰ ਰੇਲਵੇ ਵੱਲੋਂ ਪਾਰਸਲ ਤੋਂ ਹੁਣ ਤੱਕ ਦੀ ਸਭ ਤੋਂ ਵੱਧ ਕਮਾਈ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਉੱਤਰ ਰੇਲਵੇ ਨੇ ਵੱਖ-ਵੱਖ ਔਕੜਾਂ ਤੇ ਚੁਣੌਤੀਆਂ ਦੇ ਬਾਵਜੂਦ ਅਪ੍ਰੈਲ 2022 ਤੋਂ ਫਰਵਰੀ 2023 ਤੱਕ ਦੇ ਸਮੇਂ ਦੌਰਾਨ 500 ਕਰੋੜ ਰੁਪਏ ਦੀ ਪਾਰਸਲ ਮਾਲੀਆ ਸਫਲਤਾਪੂਰਵਕ ਕਮਾ ਕੇ ਇੱਕ ਸ਼ਾਨਦਾਰ ਉਪਲਬੱਧੀ ਹਾਸਲ ਕੀਤੀ ਹੈ।

ਇਹ ਜਾਣਕਾਰੀ ਦਿੰਦਿਆਂ ਉੱਤਰ ਰੇਲਵੇ ਦੇ ਜਨਰਲ ਮੈਨੇਜਰ ਆਸ਼ੂਤੋਸ਼ ਗੰਗਲ ਨੇ ਦੱਸਿਆ ਕਿ ਉੱਤਰ ਰੇਲਵੇ ਨੇ ਵਿੱਤੀ ਸਾਲ 2022-2023 ਦੌਰਾਨ ਰੇਲਵੇ ਬੋਰਡ ਵੱਲੋਂ ਦਿੱਤੇ ਗਏ 430.68 ਕਰੋੜ ਰੁਪਏ ਦੇ ਪਾਰਸਲ ਤੇ ਮਾਲੀਏ ਦੇ ਟੀਚੇ ਨੂੰ ਵਿੱਤੀ ਸਾਲ 2022-2023 ਦੀ ਸਮਾਪਤੀ ਤੋਂ ਪਹਿਲਾਂ ਹੀ ਹਾਸਲ ਕਰ ਲਿਆ ਹੈ, ਜਦਕਿ ਇਸ ਵਿੱਤੀ ਸਾਲ ਦਾ ਇੱਕ ਮਹੀਨਾ ਬਾਕੀ ਹੈ।ਉਨ੍ਹਾਂ ਦੱਸਿਆ ਕਿ ਭਾਰਤੀ ਰੇਲਵੇ ਦੇ ਇਤਿਹਾਸ ਵਿੱਚ ਉੱਤਰੀ ਰੇਲਵੇ ਹੀ ਇੱਕ ਅਜਿਹਾ ਰੇਲਵੇ ਹੈ, ਜਿਸ ਨੇ 500 ਕਰੋੜ ਰੁਪਏ ਦਾ ਟੀਚਾ ਹਾਸਲ ਕੀਤਾ ਹੈ।ਹੁਣ ਤੱਕ ਕੋਈ ਹੋਰ ਜ਼ੋਨਲ ਰੇਲਵੇ ਇਸ ਟੀਚੇ 'ਤੇ ਨਹੀਂ ਪਹੁੰਚ ਸਕਿਆ ਹੈ।

ਉੱਤਰੀ ਰੇਲਵੇ ਨੇ ਫਰਵਰੀ, 2023 ਤੱਕ ਪਾਰਸਲ ਤੇ ਮਾਲ ਢੁਆਈ ਦੇ ਖੇਤਰ ਵਿੱਚ ਭਾਰਤੀ ਰੇਲਵੇ ਦੇ ਸਾਰੇ ਜ਼ੋਨਾਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।ਆਸ਼ੂਤੋਸ਼ ਗੰਗਲ ਜਨਰਲ ਮੈਨੇਜਰ ਉੱਤਰ ਰੇਲਵੇ ਨੇ ਇਸ ਪ੍ਰਾਪਤੀ ਲਈ ਰੇਲਵੇ ਗਾਹਕਾਂ ਦਾ ਧੰਨਵਾਦ ਕੀਤਾ ਤੇ ਇਸ ਪ੍ਰਾਪਤੀ ਵਿੱਚ ਸ਼ਾਮਲ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਧਾਈ ਦਿੱਤੀ।

ਮੀਂਹ ਨੇ ਖੋਲ੍ਹੀ ਮਹਿਲ ਕਲਾਂ ਦੇ ਨਿਕਾਸੀ ਪ੍ਰਬੰਧਾਂ ਦੀ ਪੋਲ

- ਕੁਝ ਮਹੀਨੇ ਪਹਿਲਾਂ ਬਣੇ ਬੱਸ ਸਟੈਂਡ ਮੂਹਰੇ ਲੱਗਿਆ ਛੱਪੜ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸਥਾਨਕ ਕਸਬੇ ਅੰਦਰ ਪ

page-6-27-(MARCH)-2023-G-(BV).qxd 3/26/2023 10:10 PM Page 1

ਸਰਕਾਰੀ ਸ਼ਰਤਾਂ ਦਾ ਮੂੰਹ ਚਿੜਾ ਰਿਹਾ ਚਾਰ ਫੁੱਟ ਐਂਟਰੀ ਵਾਲਾ ਸਕੂਲ : ਢੋਸੀਵਾਲ

ਗੁਗਲਾਨੀ ਪਲੇ ਵੇਅ ਐਂਡ ਪਬਲਿਕ ਸਕੂਲ ਦੇ ਚਾਰ ਫੁੱਟੇ ਐਂਟਰੀ ਗੇਟ ਦੀ ਤਸਵੀਰ।

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਪਿਛਲੇ ਦਿਨੀਂ ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹੇ ਅੰਦਰ ਸਰਕਾਰੀ ਸ਼ਰਤਾਂ ਨਾ ਪੂਰੀਆਂ ਕਰਨ ਵਾਲੇ 26 ਪ੍ਰਾਈਵੇਟ ਸਕੂਲਾਂ ਦੀ ਮਾਨਤਾ ਰੱਦ ਕਰ ਦਿੱਤੀ ਗਈ ਹੈ। ਇਹ ਸਕੂਲ ਨਿਸਚਤ ਸਮੇਂ ਅੰਦਰ ਆਪਣੇ ਸਕੂਲਾਂ ਦੇ ਬਿਲਡਿੰਗ ਸੇਫ਼ਟੀ ਸਰਟੀਫਿਕੇਟ ਤੇ ਫਾਇਰ ਸੇਫਟੀ ਸਰਟੀਫਿਕੇਟ ਸਮੇਤ ਹੋਰ ਦੂਸਰੇ ਦਸਤਾਵੇਜ਼ ਸਿੱਖਿਆ ਵਿਭਾਗ ਕੋਲ ਪੇਸ਼ ਨਹੀਂ ਕਰ ਸਕੇ। ਉਕਤ ਦਸਤਾਵੇਜ਼ਾਂ ਤੋਂ ਬਿਨਾਂ ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ। ਪਰੰਤੂ ਬੀਤੇ ਕੁਝ ਸਾਲਾਂ ਦੌਰਾਨ ਰਾਜਨੀਤਕ ਆਗੂਆਂ ਦੀ ਸ਼ਹਿ ਅਤੇ ਭ੍ਰਿਸ਼ਟ ਸਰਕਾਰੀ ਤੰਤਰ ਦੀ ਮਿਲੀਭੁਗਤ ਨਾਲ ਸਰਕਾਰੀ ਸ਼ਰਤਾਂ ਨਾ ਪੂਰੀਆਂ ਕਰਨ ਵਾਲੇ ਸਕੂਲ ਸ਼ਰੇਆਮ ਚਲਦੇ ਰਹੇ ਹਨ। ਐਲ ਬੀ ਸੀ ਟੀ (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਚੇਅਰਮੈਨ ਅਤੇ ਆਲ ਇੰਡੀਆ ਐਸ ਸੀ/ਬੀ ਸੀ/ਐਸ ਟੀ ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਉਕਤ ਸਕੂਲਾਂ ਦੀ ਮਾਨਤਾ ਰੱਦ ਕੀਤੇ ਜਾਣ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਇਸ ਨੂੰ ਲੋਕ ਪੱਖੀ ਕਰਾਰ ਦਿੱਤਾ ਹੈ। ਢੋਸੀਵਾਲ ਨੇ ਅੱਜ ਇਥੇ ਕਿਹਾ ਹੈ ਕਿ ਸਥਾਨਕ ਗਾਂਧੀ ਨਗਰ ਸਥਿਤ "ਗੁਗਲਾਨੀ ਪਲੇ ਵੇਅ ਐਂਡ ਪਬਲਿਕ ਸਕੂਲ" ਜਿਸ ਦੀ ਮੇਨ ਐਂਟਰੀ ਮਸਾਂ ਚਾਰ ਕੁ ਫੁੱਟ ਹੈ ਸ਼ਰੇਆਮ ਸਰਕਾਰੀ ਸ਼ਰਤਾਂ ਦਾ ਮੂੰਹ ਚਿੜਾ ਰਿਹਾ ਹੈ। ਕਿਸੇ ਵੀ ਦੁਰਘਟਨਾ ਦੀ ਸੂਰਤ 'ਚ ਚਾਰ ਫੁੱਟ ਵਾਲੀ ਗਲੀ 'ਚੋਂ ਫਾਇਰ ਬਿਗ੍ਰੇਡ ਦੀ ਗੱਡੀ ਜਾਂ ਹੋਰ ਬਚਾਅ ਸਾਧਨ ਦਾ ਪਹੁੰਚਣਾ ਬੇਹੱਦ ਮੁਸ਼ਕਲ ਹੈ। ਅਜਿਹੀ ਹਾਲਤ ਵਿੱਚ ਸਕੂਲੀ ਵਿਦਿਆਰਥੀਆਂ ਦਾ ਜੀਵਨ ਖਤਰੇ 'ਚ ਪੈ ਸਕਦਾ ਹੈ। ਢੋਸੀਵਾਲ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਇਸ ਸਕੂਲ ਕੋਲ ਨਾ ਤਾਂ ਬਿਲਡਿੰਗ ਸੇਫਟੀ ਸਰਟੀਫਿਕੇਟ ਹੈ ਅਤੇ ਨਾ ਹੀ ਫਾਇਰ ਸੇਫਟੀ ਸਰਟੀਫਿਕੇਟ ਹੈ। ਇੰਜ ਜਾਪਦਾ ਹੈ ਇਹ ਸਕੂਲ ਸਿੱਖਿਆ ਵਿਭਾਗ 'ਚ ਤਾਇਨਾਤ ਕੁਝ ਭ੍ਰਿਸ਼ਟ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਚੱਲ ਰਿਹਾ ਹੋਵੇ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਜਿਲ੍ਹੇ ਅੰਦਰ ਹੋਰ ਵੀ ਕਈ ਪ੍ਰਾਈਵੇਟ ਸਕੂਲ ਹਨ ਜੋ ਸਰਕਾਰੀ ਸ਼ਰਤਾਂ ਪੂਰੀਆਂ ਨਾ ਕੀਤੇ ਜਾਣ ਦੇ ਬਾਵਜੂਦ ਵੀ ਧੜੱਲੇ ਨਾਲ ਚੱਲ ਰਹੇ ਹਨ।

ਢੋਸੀਵਾਲ ਨੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਮੁਕਤਸਰ ਤੋਂ ਮੰਗ ਕੀਤੀ ਹੈ ਕਿ ਚਾਰ ਫੁੱਟ ਦੀ ਐਂਟਰੀ ਵਾਲੇ ਸਥਾਨਕ ਗੁਗਲਾਨੀ ਪਲੇ ਵੇਅ ਐਂਡ ਪਬਲਿਕ ਸਕੂਲ ਅਤੇ ਬਿਲਡਿੰਗ ਸੈਫਟੀ ਸਰਟੀਫਿਕੇਟ ਅਤੇ ਫਾਇਰ ਸੇਫਟੀ ਸਰਟੀਫਿਕੇਟ ਤੋਂ ਬਿਨਾਂ ਚੱਲ ਰਹੇ ਜ਼ਿਲ੍ਹੇ ਦੇ ਸਾਰੇ ਪ੍ਰਾਈਵੇਟ ਸਕੂਲਾਂ ਦੀ ਮਾਨਤਾ ਤੁਰੰਤ ਰੱਦ ਕਰਕੇ ਸੰਚਾਲਕਾਂ ਅਤੇ ਪ੍ਰਬੰਧਕਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਜਸਵੀਰ ਛਿੰਦਾ ਗਲੋਬਲ ਅਚੀਵਰ ਐਵਾਰਡ ਨਾਲ ਸਨਮਾਨਤ

ਫਿਲਮ ਅਭਿਨੇਤਾ ਅਰਬਾਜ਼ ਖਾਨ ਜਸਵੀਰ ਸਿੰਘ ਛਿੰਦਾ ਨੂੰ ਗਲੋਬਲ ਅਚੀਵਰ ਐਵਾਰਡ ਨਾਲ ਸਨਮਾਨਤ ਕਰਦੇ ਹੋਏ।

ਨਾਭਾ (ਵਰਿੰਦਰ ਵਰਮਾ) : ਐਂਟੀ-ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਵੱਲੋਂ 5ਵਾਂ ਸਾਲਾਨਾ ਦਿਵਸ ਮਨਾਇਆ ਗਿਆ, ਜਿਸ ਵਿੱਚ ਭਾਰਤ ਭਰ ਦੇ ਵੱਖ-ਵੱਖ ਰਾਜਾਂ ਤੋਂ ਸੰਸਥਾ ਦੇ ਨੁਮਾਇੰਦਿਆਂ ਨੇ ਭਾਗ ਲਿਆ। ਇਸ ਮੌਕੇ ਫਿਲਮ ਜਗਤ ਦੇ ਮਸ਼ਹੂਰ ਅਭਿਨੇਤਾ-ਨਿਰਮਾਤਾ ਸਲਮਾਨ ਖਾਨ ਦੇ ਭਰਾ ਅਰਬਾਜ਼ ਖਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਜਸਵੀਰ ਸਿੰਘ ਛਿੰਦਾ ਪੰਜਾਬ ਵਾਇਸ ਪ੍ਰਧਾਨ ਵਰਲਡ ਬੁੱਕ ਆਫ ਰਿਕਾਰਡ ਲੰਡਨ ਤੇ ਡਾਇਰੈਕਟਰ ਅਲਮਾ ਕਿਡਜ਼ ਇੰਟਰਨੈਸ਼ਨਲ ਸਕੂਲ ਨਾਭਾ ਜਿੱਥੇ ਵਿਸ਼ੇਸ਼ ਤੌਰ 'ਤੇ ਪਹੁੰਚੇ, ਉਥੇ ਹੀ ਮੁੱਖ ਮਹਿਮਾਨ ਅਰਬਾਜ਼ ਖਾਨ ਨੇ ਉਨ੍ਹਾਂ ਨੂੰ ਸਮਾਜਿਕ ਗਤੀਵਿਧੀਆਂ ਕਰਨ ਲਈ ਗਲੋਬਲ ਅਚੀਵਰ ਐਵਾਰਡ ਨਾਲ ਸਨਨਤ ਕੀਤਾ। ਇਸ ਮੌਕੇ ਐਂਟੀ-ਕਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੇ ਸੰਸਥਾਪਕ ਨਰਿੰਦਰ ਅਰੋੜਾ ਨੇ ਕਿਹਾ ਕਿ ਅੱਜ ਐਂਟੀ-ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੁਨੀਆ ਭਰ ਵਿੱਚ 25 ਹਜ਼ਾਰ ਤੋਂ ਵੱਧ ਫਾਊਂਡੇਸ਼ਨਾਂ ਦਾ ਪਰਿਵਾਰ ਬਣ ਗਿਆ ਹੈ, ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਅੱਜ ਦੇਸ਼ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਾਡਾ ਮੁੱਖ ਮੰਤਵ ਇਹ ਹੈ ਕਿ ਜਥੇਬੰਦੀ ਨੌਜਵਾਨਾਂ ਨੂੰ ਜਾਗਰੂਕ ਕਰਕੇ ਇਸ ਨੂੰ ਰੋਕਣ ਲਈ ਤੱਤਪਰ ਰਹਿ ਕੇ ਕੰਮ ਕਰ ਰਹੀ ਹੈ। ਇਸ ਮੌਕੇ ਜਸਵੀਰ ਸਿੰਘ ਛਿੰਦਾ ਨੇ ਕਿਹਾ ਕਿ ਸਮੇਂ-ਸਮੇਂ 'ਤੇ ਸੰਸਥਾ ਦੇ ਨਾਲ ਭਲੇ ਲਈ ਜੋ ਵੀ ਕੰਮ ਕੀਤਾ ਜਾਵੇਗਾ, ਉਸ ਵਿੱਚ ਉਨ੍ਹਾਂ ਦਾ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾ ਨਰਿੰਦਰ ਅਰੋੜਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੁਮਿਤ ਸਿੰਗਲਾ ਪ੍ਰਧਾਨ ਹਿਮਾਚਲ ਪ੍ਰਦੇਸ਼ ਵਰਲਡ ਬੁੱਕ ਆਫ ਰਿਕਾਰਡ, ਡਾ. ਰੇਨੂ ਯਾਦਵ ਸਾਬਕਾ ਮਿਸ ਇੰਡੀਆ ਇੰਟਰਨੈਸ਼ਨਲ, ਡਾ. ਹਰਲੀਨ ਕੌਰ ਦੇਹਰਾਦੂਨ, ਮੁਸਕਾਨ ਨਰਾਂਗ ਫੈਸ਼ਨ ਡਿਜ਼ਾਈਨਰ ਮੌਜੂਦ ਸਨ।

ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਨਾਲ ਸਰਕਾਰ ਧੱਕਾ ਕਰ ਰਹੀ : ਐਡਵੋਕੇਟ ਪੂਨੀਆ

ਤਲਵੰਡੀ ਸਾਬੋ, (ਜਗਦੀਪ ਗਿੱਲ)-ਅਮ੍ਰਿਤਪਾਲ ਸਿੰਘ ਦੇ ਸਮਰਥਕ ਇਲਾਕੇ ਦੇ 16 ਸਿੱਖ ਨੌਜਵਾਨਾਂ ਜਿਨ੍ਹਾਂ ਨੂੰ ਪੁਲਸ ਵੱਲੋਂ ਹਿਰਾਸਤ 'ਚ ਲੈ ਕੇ ਜੇਲ੍ਹ ਭੇਜਿਆ ਗਿਆ ਤੇ ਐਸ ਡੀ ਐਮ ਤਲਵੰਡੀ ਸਾਬੋ ਦੀ ਅਦਾਲਤ ਵੱਲੋਂ ਉਨ੍ਹਾਂ ਦੀ ਨਿਆਇਕ ਹਿਰਾਸਤ 'ਚ ਛੇ ਦਿਨਾਂ ਦਾ ਹੋਰ ਵਾਧਾ ਕਰ ਦਿੱਤਾ ਗਿਆ ਹੈ।

ਮੁਲਜ਼ਮ ਪੱਖ ਦੇ ਵਕੀਲ ਜਗਦੀਪ ਸਿੰਘ ਪੂਨੀਆ ਨੇ ਕਿਹਾ ਕਿ ਸਰਕਾਰ ਨੌਜਵਾਨਾਂ ਨਾਲ ਧੱਕਾ ਕਰ ਰਹੀ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੂੰ ਜ਼ਮਾਨਤ ਦੇਣ ਦੀ ਬਜਾਏ ਨਿਆਇਕ ਹਿਰਾਸਤ 'ਚ ਵਾਧਾ ਕਰਨਾ ਧੱਕਾ ਹੈ, ਜਦ ਕਿ ਇਨ੍ਹਾਂ ਨੂੰ ਜ਼ਮਾਨਤ ਮਿਲਣੀ ਚਾਹੀਦੀ ਸੀ। ਉਨ੍ਹਾ ਦੱਸਿਆ ਕਿ ਇਨ੍ਹਾਂ ਦੀ ਜ਼ਮਾਨਤ ਲਈ ਬਾਊਂਡ ਵੀ ਭਰ ਕੇ ਦਿੱਤੇ ਜਾ ਚੁੱਕੇ ਹਨ, ਜਿਸ ਤਹਿਤ ਇਨ੍ਹਾਂ ਨੂੰ ਜ਼ਮਾਨਤ ਮਿਲਣੀ ਚਾਹੀਦੀ ਹੈ, ਪ੍ਰੰਤੂ ਸਰਕਾਰ ਤੇ ਪ੍ਰਸ਼ਾਸਨ ਧੱਕਾ ਕਰ ਰਿਹਾ ਹੈ। ਉਨ੍ਹਾ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਨੌਜਵਾਨਾਂ ਨੂੰ ਜ਼ਮਾਨਤ ਦਿੱਤੀ ਜਾਵੇ।

Court Notice

In the Court of Ms. Jasleen Narang Judicial Magistrate Ist Class, Ludhiana.

CNR No. PBLD03-072901-2018 Next Date : 27.4.2023

Axis Bank Ltd
Versus
Rattan Parkash

Publication issued to : Rattan Parkash R/o 20 MDSR No. 1538360 F C/o 99 APO India

In above titled case, the accused could not be served. It is ordered that accused should appear in person or through counsel on 27.4.2023 at 10.00 a.m.

For details logon to https://highcourtchd.gov.in/?trs=district notice&district=Ludhiana

Judicial Magistrate Ist Class, Ludhiana.

Dated, this day of 21.3.2023

ਪਬਲਿਕ ਸਕੂਲ ਹਾਮਝੇੜੀ ਵੱਲੋਂ ਸਾਲਾਨਾ ਇਨਾਮ ਵੰਡ ਸਮਾਗਮ

ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਕੀਤਾ ਸਨਮਾਨ

ਸਕੂਲ ਦੇ ਸਾਲਾਨਾ ਸਮਾਗਮ ਦੀਆਂ ਝਲਕੀਆਂ।

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਟਰੱਸਟ) ਹਾਮਝੇੜੀ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਸਮਾਗਮ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਸਕੂਲ ਮੈਨੇਜਿੰਗ ਕਮੇਟੀ ਦੇ ਲੰਬਾ ਸਮਾਂ ਪ੍ਰਧਾਨ ਰਹੇ ਸਵਰਗੀ ਸੱਤਪਾਲ ਸਿੰਗਲਾ ਨੂੰ ਸਮਰਪਤ ਕਰਵਾਏ ਗਏ ਸਾਲਾਨਾ ਸੱਭਿਆਚਾਰਕ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਵਰਗੀ ਸਿੰਗਲਾ ਦੀ ਧਰਮਪਤਨੀ ਸ੍ਰੀਮਤੀ ਤਾਰਾਵਤੀ ਤੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ੇਰ-ਏ-ਪੰਜਾਬ ਗਰੁੱਪ ਲੁਧਿਆਣਾ ਦੇ ਮੈਨੇਜਿੰਗ ਡਾਇਰੈਕਟਰ ਗੁਰਦਾਸ ਸਿੰਗਲਾ ਤੇ ਟਰੱਕ ਯੂਨੀਅਨ ਪਾਤੜਾਂ ਦੇ ਸਾਬਕਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਕਾਲੇਕਾ ਨੇ ਸ਼ਿਰਕਤ ਕੀਤੀ।

ਸਟੇਜ ਦੀ ਪ੍ਰਧਾਨਗੀ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ, ਸਾਬਕਾ ਸਰਪੰਚ ਹਰਚਰਨ ਸਿੰਘ, ਸਿੰਗਲਾ ਮੈਟਲਜ਼ ਦੇ ਤਰੁਣ ਸਿੰਗਲਾ ਤੇ ਸਮਾਜ ਸੇਵੀ ਕੇਵਲ ਕ੍ਰਿਸ਼ਨ ਨੇ ਕੀਤੀ। ਸਮਾਗਮ ਦੌਰਾਨ ਸਿੱਖਿਆ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਮੈਡਮ ਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕਰਨ ਉਪਰੰਤ ਰਾਸ਼ਟਰੀ ਗਾਇਨ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਵੱਲੋਂ ਨਾਟਕ, ਗੀਤ, ਕੋਰੀਓਗ੍ਰਾਫੀਆਂ ਤੇ ਸਮੂਹ ਗਾਨ ਪੇਸ਼ ਕੀਤੇ ਗਏ। ਪ੍ਰਿੰ. ਗੁਰਨਾਮ ਸਿੰਘ ਜੱਜ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਭਵਿੱਖ 'ਚ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਦੱਸਿਆ।

ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਬਿੱਕਰ ਸਿੰਘ ਸੇਲਵਾਲਾ, ਸਰਪੰਚ ਗੁਰਜੰਟ ਸਿੰਘ ਹਰਿਆਊ ਕਲਾਂ, ਕਮਲਜੀਤ ਸਿੰਘ ਦਿਉਗੜ, ਟਰੱਸਟ ਦੇ ਸਕੱਤਰ ਭੁਪਿੰਦਰਜੀਤ ਮੌਲਵੀਵਾਲਾ, ਖਜ਼ਾਨਚੀ ਰਾਜੇਸ਼ ਕੁਮਾਰ ਸਿੰਗਲਾ, ਬਲਰਾਮ ਸਿੰਘ ਧੌਂਸਾ, ਪਿਆਰਾ ਸਿੰਘ ਹਾਮਝੇੜੀ, ਕ੍ਰਿਸ਼ਨ ਸ਼ਰਮਾ ਤੇ ਵਾਇਸ ਪ੍ਰਿੰਸੀਪਲ ਸਤਿੰਦਰ ਸਿੰਘ ਚਾਹਲ ਆਦਿ ਹਾਜ਼ਰ ਸਨ।

ਸਿੱਖ ਨੈਸਨਲ ਕਾਲਜ ਕਾਦੀਆਂ ਦੇ ਐੱਨ ਸੀ ਸੀ ਕੈਡਿਟਾਂ ਮਨਾਇਆ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੰਜਾਬ ਬਟਾਲੀਅਨ ਐੱਨ ਸੀ ਸੀ ਅੰਮ੍ਰਿਤਸਰ ਦੇ ਬਟਾਲਾ ਯੂਨਿਟ ਅਧੀਨ ਕਾਦੀਆਂ ਦੀਆਂ ਵੱਖ ਵੱਖ ਵਿੱਦਿਅਕ ਸੰਸਥਾਵਾਂ ਦੇ ਐੱਨ ਸੀ ਸੀ ਕੈਡਿਟਾਂ ਵੱਲੋਂ ਕਮਾਂਡਿਗ ਅਫਸਰ ਕਰਨਲ ਅਨਿਲ ਠਾਕੁਰ ਦੀ ਅਗਵਾਈ ਹੇਠ ਸ਼ਹੀਦ- ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਸੁਖਦੇਵ ਸਿੰਘ ਅਤੇ ਰਾਜਗੁਰੂ ਦਾ ਸ਼ਹੀਦੀ ਦਿਹਾੜਾ ਕਸਬਾ ਕਾਦੀਆਂ ਵਿਖੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਇਕੱਤਰ ਹੋ ਕੇ ਮਨਾਇਆ ਗਿਆ। ਸ਼ਹੀਦ ਭਗਤ ਸਿੰਘ ਦੇ ਬੁੱਤ ਤੇ ਹਾਰ ਪਾ ਕੇ ਐੱਨ ਸੀ ਸੀ ਕੈਡਿਟਾਂ ਨੇ ਸ਼ਹੀਦਾਂ ਨੂੰ ਸਲਾਮੀ ਭੇਟ ਕੀਤੀ ਤੇ ਅਜ਼ਾਦੀ ਪਰਵਾਨਿਆਂ ਦੀਆ ਸ਼ਹਾਦਤਾਂ ਨੂੰ ਪ੍ਰਣਾਮ ਕੀਤਾ। ਇਸ ਮੌਕੇ ਸਿੱਖ ਨੈਸ਼ਨਲ ਕਾਲਜ ਕਾਦੀਆਂ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ .ਟੀ.ਆਈ), ਡੀ. ਏ. ਵੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ, ਏ ਵੀ ਐਮ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਐਨ. ਸੀ. ਸੀ ਕੈਡਿਟਾਂ ਤੋਂ ਇਲਾਵਾ ਸੂਬੇਦਾਰ ਕੁਲਵਿੰਦਰ ਸਿੰਘ, ਹਵਾਲਦਾਰ ਸ੍ਰੀ ਪੀ ਯੂਸ ਸਿੰਘ, ਲੈਫਟੀਨੈਂਟ ਗੁਰਿੰਦਰਜੀਤ ਸਿੰਘ, ਲੈਫਟੀਨੈਂਟ ਸਤਿੰਦਰ ਸਿੰਘ ਕਾਹਲੋਂ, ਲੈਫਟੀਨੈਂਟ ਮੰਗਲ ਰਾਮ, ਲੈਫਟੀਨੈਂਟ ਰਵਿੰਦਰ ਸਿੰਘ, ਕੇਅਰ ਟੇਕਰ ਸਲੀਮ ਅਹਿਮਦ, ਕੈਡਿਟ ਸੁਖਮਨਦੀਪ ਕੌਰ, ਸਿਮਰਨਜੀਤ ਕੌਰ, ਕੈਡਿਟ ਜਸਨਦੀਪ ਸਿੰਘ, ਗੁਰਸੇਵਕ ਸਿੰਘ ਸਮੇਤ ਕੈਡਿਟਸ ਹਾਜਰ ਸਨ।

ਆਮ ਸੂਚਨਾ

ਆਲਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਝਾੜੂ ਨੰਗਲ ਦੇ ਟਿਊਬਵੈੱਲ ਕੁਨੈਕਸ਼ਨ ਏ ਪੀ 17/0534 ਨੂੰ ਸਵਿੰਦਰ ਕੌਰ ਪਤਨੀ ਪ੍ਰਗਟ ਸਿੰਘ ਵਾਸੀ ਝਾੜੂ ਨੰਗਲ ਨਾਂਅ ਕਰਨ ਦੀ ਦਰਖਾਸਤ ਹੈ। ਇਤਰਾਜ਼ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬੁਟਾਰੀ ਪੁੱਜਣ। (ਅਠੌਲਾ)

ਬੇਦਖਲੀ ਨੋਟਿਸ

ਮੈਂ ਜੱਸਾ ਸਿੰਘ ਪੁੱਤਰ ਮੋਹਨ ਸਿੰਘ, ਪਿੰਡ ਗੱਗੜਭਾਣਾ (ਅੰਮ੍ਰਿਤਸਰ) ਆਪਣੇ ਲੜਕੇ ਤਰਸੇਮ ਸਿੰਘ, ਨੂੰਹ ਕੰਵਲਜੀਤ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਨ੍ਹਾਂ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । (ਅਠੌਲਾ)

ਮੈਂ, ਛਿੰਦੋ ਪਤਨੀ ਸ੍ਰੀ ਪਾਖਰ ਰਾਮ ਪੁੱਤਰ ਸ੍ਰੀ ਬਤਰਾ ਰਾਮ ਵਾਸੀ ਪਿੰਡ ਫੋਲੜੀਵਾਲ, ਤਹਿ: ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਣਜੀਤ ਕੁਮਾਰ ਅਤੇ ਉਸ ਦੀ ਪਤਨੀ ਪੂਜਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹੰਸ ਰਾਜ ਪੁੱਤਰ ਸ੍ਰੀ ਲੋਕ ਬਹਾਦਰ ਵਾਸੀ ਭੁੱਲਰ ਕਾਲੋਨੀ, ਗਲੀ ਨੰ: 6, ਸ੍ਰੀ ਮੁਕਤਸਰ ਸਾਹਿਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਗੀਤਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚ

27-MAR-PAGE-7.qxd 3/26/2023 9:11 PM Page 1

ਬੇਮੌਸਮੀ ਬਾਰਸ਼ ਤੇ ਗੜਿਆਂ ਦੀ ਮਾਰ ਕਾਰਨ ਫਸਲਾਂ ਦਾ ਭਾਰੀ ਨੁਕਸਾਨ

■ ਸਰਕਾਰ 1000 ਰੁਪਏ ਪ੍ਰਤੀ ਕੁਇੰਟਲ ਬੋਨਸ ਦਾ ਕਰੇ ਐਲਾਨ : ਮਾਨੂੰਕੇ

ਮੀਟਿੰਗ ਮੌਕੇ ਹਾਜ਼ਰ ਬੀ ਕੇ ਯੂ ਕਾਦੀਆਂ ਦੇ ਆਗੂ। (ਫੋਟੋ : ਭੂਪਿੰਦਰ ਸਿੰਘ)

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਪੰਜਾਬ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸ. ਨਿਰਮਲ ਸਿੰਘ ਮਾਨੂੰਕੇ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਵਿਖੇ ਸਮੁੱਚੀ ਟੀਮ ਵੱਲੋਂ ਇੱਕ ਹੰਗਾਮੀ ਮੀਟਿੰਗ ਸੱਦੀ ਗਈ, ਜਿਸ ਵਿੱਚ ਸਾਰੇ ਬਲਾਕਾਂ ਤੋਂ ਕਿਸਾਨ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਬੇਮੌਸਮੀ ਬਾਰਸ਼ ਤੇ ਕੁੱਝ ਥਾਵਾਂ 'ਤੇ ਗੜਿਆਂ ਨਾਲ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਕਈ ਜਗ੍ਹਾ 'ਤੇ ਬਾਰਸ਼ ਦਾ ਪਾਣੀ ਏਨਾ ਜ਼ਿਆਦਾ ਹੈ ਕਿ ਡਿੱਗ ਚੁੱਕੀ ਕਣਕ ਦੇ ਉੱਪਰ ਪਾਣੀ ਫਿਰ ਗਿਆ, ਜਿਸ ਨਾਲ ਕਣਕ ਦੇ ਗਲਣ-ਸੜਣ ਦੀ ਸੰਭਾਵਨਾ ਬਣ ਗਈ ਹੈ। ਕਣਕ, ਸਰ੍ਹੋਂ, ਆਲੂ, ਛੋਲੇ, ਸਬਜ਼ੀਆਂ, ਹਰਾ ਚਾਰਾ ਆਦਿ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਬਾਰਸ਼ ਨਾਲ ਕਿਸਾਨੀ ਦਾ ਆਰਥਿਕ ਤੌਰ 'ਤੇ ਲੱਕ ਟੁੱਟ ਗਿਆ ਹੈ। ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਜ਼ਿੰਦਗੀ ਬਤੀਤ ਕਰ ਰਿਹਾ ਹੈ। ਇਸ ਲਈ ਸਰਕਾਰ ਪਾਸੋਂ ਜਥੇਬੰਦੀ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕਰਦੀ ਹੈ ਕਿ ਬੇਮੌਸਮੀ ਬਾਰਸ਼ ਤੇ ਗੜੇਮਾਰੀ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ ਵਾਸਤੇ ਤੁਰੰਤ ਸੂਬਾ ਤੇ ਕੇਂਦਰ ਸਰਕਾਰ ਫਸਲਾਂ ਦੀ ਐੱਮ ਐੱਸ ਪੀ ਉਪਰ ਬੋਨਸ 1000/- ਰੁਪੈ ਪ੍ਰਤੀ ਕੁਇੰਟਲ ਕਣਕ ਤੇ ਇਸੇ ਤਰ੍ਹਾਂ ਇਸ ਰੇਸ਼ੋ ਨਾਲ ਦੂਸਰੀਆਂ ਫਸਲਾਂ 'ਤੇ ਵੀ ਬੋਨਸ ਰਾਸ਼ੀ ਦਾ ਐਲਾਨ ਕਰੇ ਤਾਂ ਜੋ ਪੀੜਤ ਕਿਸਾਨਾਂ ਨੂੰ ਕੁੱਝ ਰਾਹਤ ਮਿਲ ਸਕੇ।

ਇਸ ਬੇਮੌਸਮੀ ਬਾਰਸ਼ ਨੇ ਕਿਸਾਨਾਂ ਦੇ ਨਾਲ ਗੂੜ੍ਹਾ ਰਿਸ਼ਤਾ ਰੱਖਣ ਵਾਲੇ ਮਜ਼ਦੂਰ ਵਰਗ ਦਾ ਭਾਰੀ ਨੁਕਸਾਨ ਕੀਤਾ ਹੈ। ਹਰ ਰੋਜ਼ ਮਿਹਨਤ ਕਰਕੇ ਖਾਣ ਵਾਲਾ ਮਜ਼ਦੂਰ ਵਰਗ ਆਪਣੀ ਰੋਜ਼ੀ-ਰੋਟੀ ਤੋਂ ਵਾਂਝਿਆਂ ਕਰਕੇ ਰੱਖ ਦਿੱਤਾ ਹੈ। ਕਿਸਾਨਾਂ ਦੇ ਨਾਲ-ਨਾਲ ਮਜ਼ਦੂਰ ਵਰਗ ਨੂੰ ਵੀ ਆਰਥਿਕ ਸਹਾਇਤਾ ਦਿੱਤੀ ਜਾਵੇ। ਇਸ ਨੁਕਸਾਨ ਨੂੰ ਮੱਦੇਨਜ਼ਰ ਰੱਖਦੇ ਹੋਏ ਕੋ-ਆਪ੍ਰੇਟਿਵ ਬੈਂਕ ਤੇ ਕਮਰਸ਼ੀਅਲ ਬੈਂਕਾਂ ਵੱਲੋਂ ਕਿਸਾਨਾਂ ਨੂੰ ਦਿੱਤੇ ਹੋਏ ਕਰਜ਼ਿਆਂ 'ਤੇ ਵਿਆਜ ਤੁਰੰਤ ਮੁਆਫ ਕੀਤਾ ਜਾਵੇ ਤੇ ਕਰਜ਼ੇ ਦੀ ਰਿਕਵਰੀ ਨੂੰ 6 ਮਹੀਨੇ ਲਈ ਅੱਗੇ ਪਾਇਆ ਜਾਵੇ। ਇਸ ਮੀਟਿੰਗ ਵਿੱਚ ਜਨਰਲ ਸਕੱਤਰ ਗੁਲਜਾਰ ਸਿੰਘ ਘਲੱਕਲਾਂ, ਜ਼ਿਲ੍ਹਾ ਵਿੱਤ ਸਕੱਤਰ ਗੁਰਬਚਨ ਸਿੰਘ ਚਨੂੰਵਾਲਾ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਸੰਧੂਆਣਾ, ਗੁਰਮੇਲ ਸਿੰਘ ਡਰੋਲੀ, ਬੂਟਾ ਸਿੰਘ ਪੰਡੋਰੀ, ਨਿਰਮਲ ਸਿੰਘ ਮੌਜਗੜ੍ਹ, ਸੁਖਦੀਪ ਸਿੰਘ ਸਰਬਜੀਤ ਸਿੰਘ ਦਾਰਾਪੁਰ, ਮਨਪ੍ਰੀਤ ਸਿੰਘ ਵਰ੍ਹੇ, ਨਿਰਮਲ ਸਿੰਘ ਜਸਵੀਰ ਸਿੰਘ ਅਮਰਜੀਤ ਸਿੰਘ ਰਾਮ ਸਿੰਘ ਜੀਤ ਸਿੰਘ ਭਲੂਰ, ਬਲਵਾਨ ਸਿੰਘ ਗੁਰਬਚਨ ਸਿੰਘ ਭੋਲਾ ਸਿੰਘ ਚੜ੍ਹਿਕ, ਜੋਰਾ ਸਿੰਘ ਵਕੀਲ ਸਿੰਘ ਜਸਵੀਰ ਸਿੰਘ ਚੁਗਾਵਾਂ ਆਦਿ ਹਾਜ਼ਰ ਸਨ।

ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਟ ਵੱਲੋਂ ਸਾਇੰਸ ਫੈਸਟ

ਰਾਜਪੁਰਾ (ਰਮੇਸ਼ ਕਟਾਰੀਆ)

ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਟ ਵੱਲੋਂ ਸਾਇੰਸ ਫੈਸਟ 2023 ਦਾ ਅਗਾਜ਼ ਕੀਤਾ ਗਿਆ, ਜਿਸ ਵਿੱਚ ਕਾਲਜ ਦੀ ਮੈਨੇਜਮੈਂਟ ਦੇ ਚੇਅਰਮੈਨ ਸ੍ਰੀ ਅਸ਼ਵਨੀ ਗਰਗ, ਪ੍ਰੈਜ਼ੀਡੈਂਟ ਸ੍ਰੀ ਅਸ਼ੋਕ ਗਰਗ, ਪ੍ਰਿੰਸੀਪਲ ਸ੍ਰੀ ਪ੍ਰਤੀਕ ਗਰਗ, ਸ੍ਰੀ ਸਾਹਿਲ ਗਰਗ ਡਾਇਰੈਕਟਰ ਅਕਾਦਮਿਕ, ਸ੍ਰੀ ਵਿਸ਼ਾਲ ਗਰਗ ਡਾਇਰੈਕਟ ਪਲਾਨਿੰਗ, ਸਟਾਫ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਹ ਫੈਸਟੀਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦੇ ਪ੍ਰੋਜੈਕਟ ਦੀ ਪ੍ਰਦਰਸ਼ਨੀ ਦੇ ਨਾਲ ਸ਼ੁਰੂ ਕੀਤਾ ਗਿਆ। ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਰੋਬੋਟਿਕਸ, ਸਾਫਟਵੇਅਰ ਤੇ ਮਾਡਲ ਪੇਸ਼ ਕੀਤੇ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਰੂਪੇਸ਼ ਕੁਮਾਰ ਆਈ.ਏ.ਐੱਸ. ਨੇ ਪਲੈਨੀਟੋਰੀਅਮ ਦਾ ਵੀ ਉਦਘਾਟਨ ਕੀਤਾ ਤੇ ਪਹਿਲਾ ਸ਼ੋ ਵੀ ਵੇਖਿਆ। ਸਵਾਮੀ ਵਿਵੇਕਾਨੰਦ ਗਰੁੱਪ ਪੰਜਾਬ ਦਾ ਪਹਿਲਾ ਕਾਲਜ ਬਣ ਗਿਆ ਹੈ, ਜਿਸ ਦਾ ਆਪਣਾ ਪਲੈਨੀਟੋਰੀਅਮ ਵੀ ਹੈ। ਇਹ ਪਲੈਨੀਟੋਰੀਅਮ ਮਹਿਮਾਨਾਂ ਤੇ ਬਾਹਰੋਂ ਆਏ ਬੱਚਿਆਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਮੌਕੇ ਡਾ. ਜਸਵਿੰਦਰ ਸਿੰਘ ਵੀ ਇਸ ਮੌਕੇ ਬੱਚਿਆਂ ਨੂੰ ਸੰਬੋਧਤ ਕਰਨ ਲਈ ਪਹੁੰਚੇ। ਕਾਲਜ ਦੀ ਮੈਨੇਜਮੈਂਟ ਨੇ ਬੱਚਿਆਂ ਨੂੰ ਕੈਸ਼ ਇਨਾਮ ਵੀ ਦਿੱਤੇ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

ਸਰਕਾਰੀ ਪ੍ਰਾਇਮਰੀ ਸਕੂਲ ਰਾਜਿੰਦਰਾਪੁਰੀ ਵੱਲੋਂ ਸਾਲਾਨਾ ਇਨਾਮ ਵੰਡ ਸਮਾਗਮ

ਧੂਰੀ (ਸੁਖਦੇਵ ਧੂਰੀ)-ਸਰਕਾਰੀ ਪ੍ਰਾਇਮਰੀ ਸਕੂਲ ਰਾਜਿੰਦਰਪੁਰੀ ਦਾ ਸਾਲਾਨਾ ਸਮਾਗਮ ਸਕੂਲ ਮੁਖੀ ਜਗਜੀਤ ਸਿੰਘ ਅਟਵਾਲ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਵਿੱਚ ਬੀ ਪੀ ਈ ਓ ਧੂਰੀ ਗੁਰਦਰਸ਼ਨ ਸਿੰਘ ਬਤੌਰ ਮੁੱਖ ਮਹਿਮਾਨ ਤੇ ਸਤਵੰਤ ਸਿੰਘ ਬੋਪਾਰਾਏ (ਆਸਟ੍ਰੇਲੀਆ ਵਾਲੇ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਕੂਲ ਦੇ ਨੰਨ੍ਹੇ ਮੁੰਨੇ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ, ਸੋਲੋ ਡਾਂਸ, ਗਰੁੱਪ ਡਾਂਸ, ਭੰਗੜਾ, ਗਿੱਧਾ ਦੀਆਂ ਬਾਕਮਾਲ ਪੇਸ਼ਕਾਰੀਆਂ ਦਿੱਤੀਆਂ। ਬੱਚਿਆਂ ਦੀਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਖੂਬ ਮਨੋਰੰਜਨ ਕੀਤਾ। ਖਰਾਬ ਮੌਸਮ ਦੇ ਬਾਵਜੂਦ ਪ੍ਰਬੰਧਕਾਂ ਤੇ ਕਲਾਕਾਰ ਬੱਚਿਆਂ ਦਾ ਉਤਸ਼ਾਹ ਪ੍ਰਸੰਸਾ ਯੋਗ ਸੀ।

ਇਸ ਮੌਕੇ ਪਿੰਡ ਦੇ ਮਕਬੂਲ ਗੀਤਕਾਰ ਤੇ ਸਾਬਕਾ ਅਧਿਆਪਕ ਮੁਲ ਚੰਦ ਸ਼ਰਮਾ ਤੇ ਸਟੇਟ ਐਵਾਰਡੀ ਅਧਿਆਪਕ ਗੋਪਾਲ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੀ ਸਫਲਤਾ ਵਿੱਚ ਗੁਰਦੀਪ ਸਿੰਘ (ਪੰਜਾਬ ਪੁਲਸ), ਸਰਪੰਚ ਲਖਵਿੰਦਰ ਕੁਮਾਰ, ਰਾਜਿੰਦਰ ਸਿੰਘ (ਪੰਜਾਬ ਪੁਲਸ) ਤੇ ਰਾਜੀਵ ਕੁਮਾਰ ਠੇਕੇਦਾਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਸੀ ਐੱਚ ਟੀ ਬਲਵਿੰਦਰ ਸਿੰਘ, ਅਧਿਆਪਕ ਬੇਅੰਤ ਸਿੰਘ, ਸੁਖਦੀਪ ਕੌਰ, ਮਨਜੀਤ ਕੌਰ, ਪੰਚ ਗੁਰਜੰਟ ਸਿੰਘ ਤੇ ਰਾਜ ਕਿਰਨ ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

ਕਾਤਰਾਂ

ਕਾਰ 'ਚੋਂ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਨੌਜਵਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਨਜ਼ਦੀਕੀ ਪਿੰਡ ਤਖਤੂ ਵਾਲਾ ਦੇ ਨਜ਼ਦੀਕ ਜਮੀਤਪੁਰ ਢੇਰੂ ਨੂੰ ਜਾਂਦੀ ਸੜਕ 'ਤੇ ਇਕ ਟੋਯੋਟਾ ਕਾਰ 'ਚ ਇੱਕ ਨੌਜਵਾਨ ਬੇਹੋਸ਼ੀ ਦੀ ਹਾਲਤ ਵਿੱਚ ਮਿਲਿਆ ਹੈ, ਜਿਸ ਦੇ ਕੋਲ ਇਕ ਸਰਿੰਜ ਵੀ ਮਿਲੀ ਹੈ। ਸਥਾਨਕ ਲੋਕਾਂ ਨੇ ਥਾਣਾ ਕੁੱਲਗੜ੍ਹੀ ਦੀ ਪੁਲਸ ਨੂੰ ਸੂਚਨਾ ਦਿੱਤੀ। ਥਾਣੇ ਕੁੱਲਗੜ੍ਹੀ ਤੋਂ ਏ ਐੱਸ ਆਈ ਬਲਵੀਰ ਸਿੰਘ ਨੇ ਮੌਕੇ ਪਹੁੰਚੇ ਉਕਤ ਨੌਜਵਾਨ ਦੇ ਵਾਰਸਾਂ ਨੇ ਦੱਸਿਆ ਕਿ ਉਹ ਪਿੰਡ ਖ਼ਵਾਜ਼ਾ ਖੜਕ ਤੋਂ ਹਨ। ਏਐੱਸਆਈ ਬਲਬੀਰ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਨੇ ਦੱਸਿਆ ਕਿ ਨੌਜਵਾਨ ਬੇਹੋਸ਼ੀ 'ਚ ਹੈ, ਜੇਕਰ ਉਸ ਦੇ ਪਰਿਵਾਰ ਵਾਲੇ ਬਿਆਨ ਦਰਜ ਕਰਵਾਉਣਗੇ ਤਾਂ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਘਰੇਲੂ ਝਗੜੇ ਦੇ ਚੱਲਦਿਆਂ ਜਾਨਲੇਵਾ ਹਮਲਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪਿੰਡ ਕੱਚਰ ਭੰਨ ਵਿਖੇ ਘਰੇਲੂ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਨੂੰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਇਸ ਸਬੰਧੀ ਥਾਣਾ ਸਦਰ ਜ਼ੀਰਾ ਪੁਲਸ ਨੇ ਇੱਕ ਵਿਅਕਕਤੀ ਨੂੰ ਗ੍ਰਿਫਤਾਰ ਕਰਕੇ ਦੋ ਖਿਲਾਫ 307, 324, 323, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਗਦੀਸ਼ ਸਿੰਘ ਪੁੱਤਰ ਕਿੱਕਰ ਸਿੰਘ ਵਾਸੀ ਪਿੰਡ ਕੱਚਰ ਭੰਨ ਨੇ ਦੱਸਿਆ ਕਿ ਉਸ ਦਾ ਦੋ ਵਿਅਕਤੀਆਂ ਨਾਲ ਘਰੇਲੂ ਝਗੜਾ ਚੱਲ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਦੇ ਚਾਚੇ ਬਿੱਕਰ ਸਿੰਘ ਪੁੱਤਰ ਤੋਤਾ ਸਿੰਘ ਤੇ ਉਸ ਦੇ ਲੜਕੇ ਕੁਲਵਿੰਦਰ ਸਿੰਘ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਤੇਜ਼ ਧਾਰ ਹਥਿਆਰ ਨਾਲ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਸਗਦੀਸ਼ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋ ਖਿਲਾਫ ਮਾਮਲਾ ਦਰਜ ਕਰਕੇ ਕੁਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਬੱਚਿਆਂ ਦਾ ਪੋਸ਼ਣ ਤੇ ਮੈਡੀਕਲ ਚੈੱਕਅੱਪ ਕੈਂਪ ਲਾਇਆ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਪੋਸ਼ਣ ਪੰਦਰਵਾੜੇ ਤਹਿਤ ਸਾਂਝ ਵੈੱਲਫੇਅਰ ਸੁਸਾਇਟੀ ਫਤਿਹਗੜ੍ਹ ਸਾਹਿਬ ਵੱਲੋਂ ਪਿੰਡ ਨੂਰਪੁਰਾ ਵਿਖੇ ਬੱਚਿਆਂ ਦਾ ਪੋਸ਼ਣ ਤੇ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ। ਇਸ ਮੌਕੇ ਸੁਸਾਇਟੀ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਹਰ ਡਾਕਟਰਾਂ ਵੱਲੋਂ 105 ਵਿਅਕਤੀਆਂ ਤੇ 51 ਬੱਚਿਆਂ ਦਾ ਪੋਸ਼ਣ ਸਬੰਧੀ ਚੈੱਕਅੱਪ ਕੀਤਾ ਗਿਆ ਤੇ ਮੁਫਤ ਦਵਾਈ ਦਿੱਤੀ ਤੇ ਟੈਸਟ ਕੀਤੇ ਗਏ। ਇਸ ਮੌਕੇ ਸਿਹਤ ਵਿਭਾਗ ਵੱਲੋਂ ਸ੍ਰੀਮਤੀ ਜਸਵੀਰ ਕੌਰ, ਸ੍ਰੀ ਤਰਸੇਮ ਸਿੰਘ, ਸ੍ਰੀ ਜਸਪ੍ਰੀਤ ਸਿੰਘ, ਸੰਜੈ ਕੁਮਾਰ ਤੇ ਆਸ਼ਾ ਵਰਕਰਾਂ ਅਤੇ ਸਰਪੰਚ ਸ੍ਰੀਮਤੀ ਅਮਨਜੋਤ ਕੌਰ, ਮਾਸਟਰ ਰਣਧੀਰ ਸਿੰਘ, ਨੰਬਰਦਾਰ ਰਣਜੀਤ ਸਿੰਘ, ਗੁਰਮੇਲ ਸਿੰਘ ਪੰਚ, ਬਲਵੀਰ ਸਿੰਘ, ਬਲਜਿੰਦਰ ਸਿੰਘ, ਲਖਵਿੰਦਰ ਸਿੰਘ, ਜਸਵੀਰ ਸਿੰਘ, ਹਰਦੇਵ ਸਿੰਘ ਤੇ ਸਮੂਹ ਪਿੰਡ ਵਾਸੀਆਂ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਕੁੱਟਮਾਰ ਦੇ ਦੋਸ਼ 'ਚ 9 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਮੱਲਾਂਵਾਲਾ ਅਧੀਨ ਆਉਂਦੇ ਪਿੰਡ ਫਰੀਦੇ ਵਾਲਾ ਉਤਾੜ ਵਿਖੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਪੁਲਸ ਨੇ 7 ਬਾਏ ਨੇਮ ਵਿਅਕਤੀਆਂ ਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਖਦੇਵ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਫਰੀਦੇਵਾਲਾ ਨੇ ਦੱਸਿਆ ਕਿ ਉਸ ਦਾ ਭਤੀਜਾ ਗੁਰਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਫਰੀਦੇਵਾਲਾ ਉਤਾੜ ਜੋ ਮੱਲਾਂਵਾਲਾ ਤੋਂ ਪਿੰਡ ਆ ਰਿਹਾ ਸੀ, ਤਾਂ ਰਸਤੇ ਵਿੱਚ ਮੁਲਜ਼ਮ ਬਚਿੱਤਰ ਸਿੰਘ ਪੁੱਤਰ ਮੁਖਤਿਆਰ ਸਿੰਘ ਨਾਲ ਉਸ ਦਾ ਬੋਲ ਬੁਲਾਰਾ ਹੋ ਗਿਆ, ਜਿਸ ਦੇ ਫੋਨ ਕਰਨ 'ਤੇ ਉਹ ਤੇ ਉਸ ਦਾ ਭਰਾ ਗੁਰਪ੍ਰੀਤ ਸਿੰਘ ਉਸ ਨੂੰ ਘਰ ਲੈ ਕੇ ਆ ਰਹੇ ਸੀ ਤਾਂ ਦੋਸ਼ੀਆਨ ਗੁਰਪ੍ਰੀਤ ਸਿੰਘ ਪੁੱਤਰ ਕਰਤਾਰ ਸਿੰਘ, ਸੋਨੀ ਪੁੱਤਰ ਮੁਖਤਿਆਰ ਸਿੰਘ, ਜਸਕਰਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ, ਅਨੋਖ ਸਿੰਘ ਪੁੱਤਰ ਦਰਸ਼ਨ ਸਿੰਘ, ਸਰਦੂਲ ਸਿੰਘ ਪੁੱਤਰ ਜੋਤਾ ਸਿੰਘ, ਜਗਜੀਤ ਸਿੰਘ ਪੁੱਤਰ ਸਰਦੂਲ ਸਿੰਘ, ਬਚਿੱਤਰ ਸਿੰਘ ਪੁੱਤਰ ਮੁਖਤਿਆਰ ਸਿੰਘ ਤੇ ਇੱਕ ਅਣਪਛਾਤੇ ਵਿਅਕਤੀ ਨੇ ਉਨ੍ਹਾਂ ਨੂੰ ਰਸਤੇ ਵਿੱਚ ਘੇਰ ਲਿਆ, ਜਿੱਥੇ ਉਸ ਦਾ ਭਰਾ ਤੇ ਭਤੀਜਾ ਮੌਕੇ ਤੋਂ ਭੱਜ ਗਏ ਤਾਂ ਦੋਸ਼ੀਆਨ ਨੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਵਿਧਾਇਕ ਨੇ ਜੀਵਨ ਜਯੋਤੀ ਸਪੈਸ਼ਲ ਸਕੂਲ ਨੂੰ ਦਿੱਤਾ ਲੱਖ ਦਾ ਦਾਨ

■ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਲਿਆਉਣਾ ਵੱਡੀ ਸੇਵਾ : ਦੇਵ ਮਾਨ

ਨਾਭਾ (ਵਰਿੰਦਰ ਵਰਮਾ)

ਵਿਸ਼ੇਸ਼ ਲੋੜਾਂ ਵਾਲਿਆਂ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਲਿਆਉਣ ਲਈ ਸਕੂਲਾਂ ਦਾ ਵੱਡਾ ਯੋਗਦਾਨ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਨਾਭਾ ਦੇ ਗੁਰਦੇਵ ਸਿੰਘ ਦੇਵ ਮਾਨ ਨੇ ਜੀਵਨ ਜੋਤੀ ਸਪੈਸ਼ਲ ਸਕੂਲ ਦੇ ਪ੍ਰਬੰਧਕਾਂ ਨੂੰ ਆਪਣੀ ਤਨਖਾਹ ਵਿੱਚੋਂ ਇੱਕ ਲੱਖ ਰੁਪਿਆ ਦਾਨ ਦੇਣ ਉਪਰੰਤ ਪ੍ਰਗਟਾਏ। ਦੇਵ ਮਾਨ ਨੇ ਕਿਹਾ ਕਿ ਸਿੱਖਿਆ ਪ੍ਰਦਾਨ ਕਰਵਾਉਣਾ ਇੱਕ ਸੇਵਾ ਹੈ ਤੇ ਜੀਵਨ ਜੋਤੀ ਸਪੈਸ਼ਲ ਸਕੂਲ ਵੱਲੋਂ ਕੀਤੀ ਜਾ ਰਹੀ ਸੇਵਾ ਲਾਮਿਸਾਲ ਹੈ। ਉਨ੍ਹਾਂ ਸਮੂਹ ਪ੍ਰਬੰਧਕਾਂ ਨੂੰ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਰੱਬ ਦਾ ਰੂਪ ਹਨ ਤੇ ਇਨ੍ਹਾਂ ਨੂੰ ਸਮਾਜ ਦੀ ਮ

27-March-PAGE-8.qxd 3/26/2023 9:41 PM Page 1

ਸੀ ਪੀ ਆਈ ਜ਼ਿਲ੍ਹਾ ਕੌਂਸਲ ਦੀ ਮੀਟਿੰਗ 1 ਅਪ੍ਰੈਲ ਨੂੰ

ਬਹਿਰਾਮ (ਅਵਤਾਰ ਕਲੇਰ)

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਅਤੇ ਬਲਾਕ ਸਕੱਤਰ ਕਾਮਰੇਡ ਮੁਕੰਦ ਲਾਲ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ 23 ਮਾਰਚ ਨੂੰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸੀ ਪੀ ਆਈ ਤੇ ਆਰ ਐਮ ਪੀ ਆਈ ਵੱਲੋਂ ਕੀਤੀ ਗਈ ਸ਼ਹੀਦੀ ਕਾਨਫਰੰਸ ਨੂੰ ਸਫਲ ਕਰਨ ਲਈ ਜਸਵਿੰਦਰ ਸਿੰਘ ਭੰਗਲ, ਕਾਮਰੇਡ ਰਸ਼ਪਾਲ ਕੈਲੇ ਜ਼ਿਲ੍ਹਾ ਸਕੱਤਰ ਸੀ ਪੀ ਆਈ ਜਲੰਧਰ, ਕਾਮਰੇਡ ਦਵਿੰਦਰ ਸਿੰਘ ਨੰਗਲੀ ਜ਼ਿਲ੍ਹਾ ਸਕੱਤਰ ਰੂਪ ਨਗਰ, ਕਾਮਰੇਡ ਨਰੰਜਣ ਦਾਸ ਮੇਹਲੀ, ਗੁਰਮੁਖ ਸਿੰਘ ਫਰਾਲਾ, ਜਰਨੈਲ ਸਿੰਘ ਪਨਾਮ, ਨਰਿੰਦਰ ਕੁਮਾਰ ਕਾਲੀਆ, ਜੁਝਾਰ ਸਿੰਘ ਕੁੱਕੜ ਮਜਾਰਾ, ਕਸ਼ਮੀਰ ਸਿੰਘ ਖੰਡਿਆਲਾ ਸੈਣੀਆਂ, ਜਗਤਾਰ ਸਿੰਘ ਪੰਨੂ ਮਜਾਰਾ, ਜਗਤਾਰ ਸਿੰਘ ਦਿਆਲ , ਰਾਮ ਜਸਪਾਲ ਰੱਕੜ, ਨਿਰਮਲ ਕੁਮਾਰ, ਉਪਿੰਦਰ ਰਾਣਾ ਪਿੰਦੂ, ਬਲਵੀਰ ਸਿੰਘ ਮਹਿਤਪੁਰ, ਗੁਰਮੇਲ ਚੰਦ, ਸ਼ੀਲਾ ਸੰਘਾ, ਸੰਤੋਖ ਪਾਲ ਰਾਹੋਂ, ਕਾਮਰੇਡ ਗੁਰਬਖਸ਼ ਕੌਰ ਰਾਹੋਂ, ਰਾਜਵੀਰ ਕੌਰ, ਜਸਵਿੰਦਰ ਲਾਲ, ਗੁਰਿੰਦਰ ਲਾਲ ਰਾਹੋਂ, ਸਤਨਾਮ ਸਿੰਘ ਚਾਹਲ, ਬਲਜਿੰਦਰ ਸਿੰਘ, ਪ੍ਰੀਤਮ ਸਿੰਘ ਰਮਲਾ, ਜੋਗਿੰਦਰ ਸਿੰਘ ਚਣਕੋਈ, ਮਹਿੰਗਾ ਸਿੰਘ ਫਿਰਨੀ ਮਜਾਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸ਼ਹੀਦੀ ਕਾਨਫਰੰਸ ਨੌਜਵਾਨਾਂ ਦੀ ਵੱਡੀ ਗਿਣਤੀ 'ਚ ਸ਼ਮੂਲੀਅਤ ਦੱਸਦੀ ਹੈ ਕਿ ਉਹ ਅੱਜ ਵੀ ਸ਼ਹੀਦਾਂ ਦਾ ਦਿਲੋਂ ਸਤਿਕਾਰ ਕਰਦੇ ਹਨ। ਸਿਰਫ ਉਹਨਾਂ ਨੂੰ ਸੁਚੱਜੀ ਅਗਵਾਈ ਦੀ ਘਾਟ ਮਹਿਸੂਸ ਹੁੰਦੀ ਹੈ। ਦੂਜੇ ਪਾਸੇ ਕੁਝ ਸਮਾਜ ਵਿਰੋਧੀ ਅਨਸਰ ਸ਼ਹੀਦ ਭਗਤ ਸਿੰਘ ਨੂੰ ਗੰਦੀ ਤੇ ਗਾਲੀ ਗਲੋਚ ਵਾਲੀ ਸ਼ਬਦਾਵਲੀ ਵਾਲੀਆਂ ਵੀਡੀਓਜ਼ ਰਾਹੀਂ ਅਸ਼ਾਂਤੀ ਫੈਲਾਉਣ ਦਾ ਯਤਨ ਕਰ ਰਹੇ ਹਨ ਜ਼ਿਲ੍ਹਾ ਆਗੂਆਂ ਵੱਲੋਂ ਇਸ ਦਾ ਵਿਰੋਧ ਕਰਦਿਆਂ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਤੋਂ ਮੰਗ ਕੀਤੀ ਹੈ ਕਿ ਅਜਿਹੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਸੰਬੰਧੀ ਉਹ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਵੀ ਦੇਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਪਹਿਲੀ ਅਪ੍ਰੈਲ ਨੂੰ ਸੀ ਪੀ ਆਈ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਬੁਲਾਈ ਗਈ ਹੈ ਜਿਸ ਵਿੱਚ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਪਹੁੰਚ ਰਹੇ ਹਨ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਆਗੂਆਂ ਤੇ ਮੈਂਬਰਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ।

ਸਿੰਚਾਈ ਵਿਭਾਗ ਦੇ ਮੁਲਾਜ਼ਮਾਂ 'ਤੇ ਚੱਲਿਆ ਸਰਕਾਰ ਦੇ ਹਰੇ ਪੈਨ ਦਾ ਕੁਹਾੜਾ

ਜਲੰਧਰ (ਰਾਜੇਸ਼ ਥਾਪਾ)

ਪੀ.ਡਬਲਯੂ.ਡੀ.ਫੀਲਡ ਐਂਡ ਵਰਕਸ਼ਾਪ ਯੂਨੀਅਨ ਪੰਜਾਬ ਦੇ ਸੂਬਾਈ ਆਗੂਆਂ ਮੱਖਣ ਸਿੰਘ ਵਾਹਿਦ ਪੁਰੀ, ਅਨਿਲ ਬਰਨਾਲਾ, ਲਖਵਿੰਦਰ ਖਾਨਪੁਰ, ਕਿਸੋਰ ਚੰਦ ਗਾਜਾ, ਗੁਰਵਿੰਦਰ ਸਿੰਘ ਖਮਾਣੋਂ, ਜਸਵੀਰ ਖੋਖਰ, ਗੁਰਦਰਸ਼ਨ ਖਮਾਣੋਂ, ਦਰਸ਼ਨ ਬੇਲੂਮਾਜਰਾ, ਰਣਵੀਰ ਟੂਸੇ, ਜ਼ਿਲ੍ਹਾ ਜਲੰਧਰ ਦੇ ਆਗੂਆਂ ਪੁਸ਼ਪਿੰਦਰ ਕੁਮਾਰ ਵਿਰਦੀ, ਤਰਸੇਮ ਮਾਧੋਪੁਰੀ, ਅਕਲ ਚੰਦ ਸਿੰਘ, ਬਲਵੀਰ ਸਿੰਘ ਗੁਰਾਇਆ, ਅੰਗਰੇਜ ਸਿੰਘ, ਗੋਪਾਲ ਸਿੰਘ, ਕਰਮਜੀਤ ਸਿੰਘ ਅਤੇ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਆਦਿ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਿੰਚਾਈ ਵਿਭਾਗ ਪੰਜਾਬ ਨੇ ਖੇਤੀ ਪ੍ਰਧਾਨ ਸੂਬੇ ਪੰਜਾਬ 'ਚ ਹਰੀ ਕਰਾਂਤੀ ਲਿਆਉਣ 'ਚ ਅਹਿਮ ਯੋਗਦਾਨ ਨਿਭਾਇਆ ਹੈ। ਹੁਣ ਵੀ ਲਗਾਤਾਰ ਧਰਤੀ ਹੇਠਲੇ ਪਾਣੀ ਦੇ ਖਾਤਮੇ ਤੇ ਦੂਸ਼ਿਤ ਪਾਣੀ ਕਾਰਨ ਇਸ ਵਿਭਾਗ ਸਿਰ ਕਿਸਾਨਾਂ ਨੂੰ ਖੇਤੀਬਾੜੀ ਲਈ ਤੇ ਆਮ ਲੋਕਾਂ ਨੂੰ ਪੀਣ ਵਾਲਾ ਪਾਣੀ ਦੇਣ ਦੀ ਵੱਡੀ ਜ਼ਿੰਮੇਵਾਰੀ ਹੈ। ਪਿਛਲੀ ਕਾਂਗਰਸ ਸਰਕਾਰ ਵੱਲੋਂ ਇਸ ਵਿਭਾਗ ਦੀਆਂ ਪੁਨਗਠਨ ਦੇ ਨਾਂਅ ਥੱਲੇ 8700 ਪੋਸਟਾਂ ਖਤਮ ਕਰ ਦਿੱਤੀਆਂ ਸਨ। ਜਿਸ ਵਿੱਚ ਲਗਭਗ 3000 ਪੋਸਟਾਂ ਖਾਲੀ ਅਤੇ 5700 'ਤੇ ਕੰਮ ਕਰਦੇ ਕਰਮਚਾਰੀਆਂ 'ਤੇ ਛਾਂਟੀ ਦੀ ਤਲਵਾਰ ਲਟਕਾ ਦਿੱਤੀ ਸੀ। ਸਿੰਚਾਈ ਕਾਮਿਆਂ ਵੱਲੋਂ ਲਗਾਤਾਰ ਸੰਘਰਸ਼ ਦੇ ਦਬਾਅ ਸਦਕਾ ਸਰਕਾਰ ਵੱਲੋਂ ਇਹ ਪ੍ਰਕਿਰਿਆ ਕੁਝ ਸਮੇਂ ਤੱਕ ਰੋਕ ਲਈ ਗਈ ਸੀ। ਲੋਕਾਂ ਵੱਲੋਂ ਕਾਂਗਰਸ ਬਦਲ ਦਿੱਤੀ ਗਈ ਕਿਉਂਕਿ ਭਗਵੰਤ ਮਾਨ ਜੋ ਕਿ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਉਮੀਦਵਾਰ ਸਨ, ਕਿਹਾ ਕਰਦੇ ਸਨ ਕਿ ਮੈਨੂੰ ਇੱਕ ਵਾਰ ਮੌਕਾ ਦਿਉ ਮੇਰਾ ਇਹ ਹਰਾ ਪੈਨ ਲੋਕਾਂ ਦੇ ਹੱਕ 'ਚ ਚੱਲੇਗਾ। ਮੇਰੀ ਸਰਕਾਰ ਲੋਕਾਂ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦੇਵੇਗੀ, ਪਰ ਹੁਣ ਇਸ ਦੇ ਬਿਲਕੁਲ ਉਲਟ 24-03-23 ਨੂੰ ਨੋਟੀਫ਼ਿਕੇਸ਼ਨ ਜਾਰੀ ਕਰਕੇ ਸਿੰਚਾਈ ਵਿਭਾਗ ਦੀਆਂ 5000 ਅਸਾਮੀਆਂ ਦੁਬਾਰਾ ਪੁਨਰਗਠਨ ਦੇ ਨਾਂਅ 'ਤੇ ਖਤਮ ਕਰ ਦਿੱਤੀਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਅਸਾਮੀਆਂ ਬੇਲਦਾਰ, ਮੇਟ, ਤਾਰ ਬਾਬੂ ਸਟੈਨੋ, ਸੇਵਾਦਾਰ, ਡਾਕ ਰਨਰ, ਸੇਵਾਦਾਰ , ਸੀ ਐਚ ਡੀ ਦੀਆਂ ਹਨ। ਇਸ ਤੋਂ ਵੀ ਜ਼ਰੂਰੀ ਬਹੁਤ ਅਹਿਮ ਜਿਓਲੋਜਿਸਟ ਤੇ ਹਾਈਡਰੋਜਿਓਲੋਜਿਸਟ ਦੀਆਂ ਹਨ, ਖਤਮ ਕਰ ਦਿੱਤੀਆਂ ਹਨ। ਕਈ ਟੈਕਨੀਕਲ ਅਸਾਮੀਆਂ ਖਤਮ ਕਰਨ ਦੀ ਸਿਫ਼ਾਰਸ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਕਰ ਦਿੱਤੀ । ਵਰਨਣਯੋਗ ਹੈ ਕਿ ਇਸ ਅਧਿਕਾਰੀ ਦਾ ਵਤੀਰਾ ਹਮੇਸ਼ਾ ਮੁਲਾਜ਼ਮ ਵਿਰੋਧੀ ਰਿਹਾ ਹੈ। ਸਿੱਖਿਆ ਸਕੱਤਰ ਰਹਿੰਦੇ ਸਮੇਂ ਵੀ ਇਹ ਅਧਿਕਾਰੀ ਸੁਰਖੀਆ 'ਚ ਰਿਹਾ। ਲੋਕਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ 'ਚ ਆਈ ਮਾਨ ਸਰਕਾਰ ਆਉਂਦੇ ਹੀ ਰੋਜ਼ਗਾਰ ਖੋਹਣ ਦੇ ਰਸਤੇ ਪੈ ਗਈ ਹੈ। ਸਰਕਾਰ ਦੇ ਇਸ ਫ਼ੈਸਲੇ ਖਿਲਾਫ਼ ਮੁਲਾਜ਼ਮਾਂ 'ਚ ਭਾਰੀ ਰੋਸ ਤੇ ਬੈਚੈਨੀ ਪਾਈ ਜਾ ਰਹੀ ਹੈ। ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਕਿਹਾ ਕਿ ਜਥੇਬੰਦੀ ਦੇ ਝੰਡੇ ਹੇਠ ਸੰਘਰਸ਼ ਦੀ ਅਵਾਜ਼ ਬੁਲੰਦ ਕੀਤੀ ਜਾਵੇਗੀ। ਫ਼ੌਰੀ ਮੀਟਿੰਗ ਕਰਕੇ ਇਹ ਮਾਮਲਾ ਲੋਕਾਂ ਦੀ ਕਚਹਿਰੀ 'ਚ ਲੈ ਕੇ ਜਾਇਆ ਜਾਵੇਗਾ।

ਵਿਸ਼ਵ ਟੀ ਵੀ ਦਿਵਸ ਮਨਾਇਆ

ਜਲੰਧਰ, (ਨਵਾਂ ਜ਼ਮਾਨਾ ਸਰਵਿਸ)-ਕਾਲਜ ਆਫ਼ ਨਰਸਿੰਗ ਗੁਲਾਬ ਦੇਵੀ ਹਸਪਤਾਲ ਜਲੰਧਰ ਵੱਲੋਂ ਬੀਤੇ ਦਿਨੀਂ ਵਿਸ਼ਵ ਟੀ ਵੀ ਦਿਵਸ ਮਨਾਇਆ ਗਿਆ, ਜਿਸ ਦਾ ਮੁੱਖ ਥੀਮ 'ਯੈੱਸ ਵੀ ਕੈਨ ਐਂਡ ਟੀ ਬੀ' ਸੀ। ਇਹ ਪ੍ਰੋਗਰਾਮ ਕਾਲਜ ਦੇ ਪ੍ਰਿੰਸੀਪਲ ਡਾ. ਲਲਿਤਾ ਜੰਗਵਾਲ ਅਤੇ ਵਾਈਸ ਪ੍ਰਿੰਸੀਪਲ ਮਿਸਿਜ਼ ਰਮਨਦੀਪ ਕੌਰ ਦੇ ਸਹਿਯੋਗ ਨਾਲ ਕਮਿਊਨਿਟੀ ਡਿਪਾਟਮੈਂਟ ਦੇ ਐੱਚ ਓ ਡੀ ਮਿਸਿਜ਼ ਕ੍ਰਿਤਿਕਾ ਮਿਸ਼ਰਾ ਅਤੇ ਸੀ ਐੱਚ ਸੀ ਕਮਿਊਨਿਟੀ ਹੈੱਲਥ ਸੈਂਟਰ ਕਰਤਾਰਪੁਰ ਦੇ ਬਲਾਕ ਐਜੂਕੇਸ਼ਨ ਅਫ਼ਸਰ ਰਾਕੇਸ਼ ਕੁਮਾਰ ਨਾਲ ਮਿਲ ਕੇ ਜਨਤਾ ਕਾਲਜ ਕਰਤਾਰਪੁਰ ਵਿਖੇ ਕੀਤਾ ਗਿਆ। ਇਸ ਦੌਰਾਨ ਐੱਸ ਐਮ ਓ ਡਾ. ਜਸਵਿੰਦਰ ਸਿੰਘ ਨੇ ਵੀ ਸ਼ਿਰਕਤ ਕੀਤੀ। ਵਿਦਿਆਰਥੀਆਂ ਵੱਲੋਂ ਨਾਟਕ ਰਾਹੀਂ ਟੀ ਵੀ ਰੋਗ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਦੌਰਾਨ ਐਗਜੀਬੀਸ਼ਨ ਵੀ ਲਗਾਈ ਗਈ। ਜਨਤਾ ਕਾਲਜ ਦੀ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਅਤੇ ਜਾਗਰੂਕ ਕਰਨ ਸੰਬੰਧੀ ਧੰਨਵਾਦ ਵੀ ਕੀਤਾ।

ਰਾਮ ਨਗਰ ਦੇ ਪ੍ਰਾਇਮਰੀ ਸਕੂਲ ਨੂੰ ਚੋਰਾਂ ਨੇ ਤੀਜੀ ਵਾਰ ਬਣਾਇਆ ਨਿਸ਼ਾਨਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਹਲਕਾ ਸ਼ਾਮਚੁਰਾਸੀ ਅਧੀਨ ਪੈਂਦੇ ਪਿੰਡ ਰਾਮ ਨਗਰ ਵਿਖੇ ਦੋ ਮਹੀਨਿਆਂ ਦੇ ਅੰਦਰ ਤੀਸਰੀ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਹੈਡ ਟੀਚਰ ਅਸ਼ੋਕ ਰਾਜਪੂਤ ਨੇ ਐੱਸ ਐੱਸ ਪੀ ਹੁਸ਼ਿਆਰਪੁਰ ਨੂੰ ਕੀਤੀ ਸ਼ਿਕਾਇਤ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਸਕੂਲ ਕੁੱਕ ਨੇ ਫੋਨ ਕਰਕੇ ਦੱਸਿਆ ਕਿ ਸਕੂਲ ਦੇ ਕੁੱਝ ਕਮਰਿਆਂ ਦੇ ਜਿੰਦਰੇ ਟੁੱਟੇ ਪਏ ਹਨ ਤੇ ਜਦੋਂ ਸਕੂਲ ਪਹੁੰਚ ਕੇ ਦੇਖਿਆ ਤਾਂ ਕਮਰਿਆਂ ਅੰਦਰ ਸਮਾਨ ਖਿੱਲਰਿਆ ਪਿਆ ਸੀ। ਜਾਂਚ ਕਰਨ 'ਤੇ ਪਾਇਆ ਕਿ ਕੈਮਰਿਆਂ ਦੀਆਂ ਤਾਰਾਂ ਕੱਟ ਕੇ ਭੰਨ-ਤੋੜ, ਟੂਟੀਆਂ ਦੀ ਚੋਰੀ ਤੇ ਸਕੂਲ ਰਿਕਾਰਡ ਨਾਲ ਛੇੜ-ਛਾੜ ਕੀਤੀ ਗਈ ਹੈ। ਸਕੂਲ ਹੈੱਡ ਨੇ ਦੱਸਿਆ ਕਿ ਜਨਵਰੀ ਮਹੀਨੇ 'ਚ ਵੀ ਸਕੂਲ ਅੰਦਰ ਰਾਤ ਵੇਲੇ ਪੰਜ ਚੋਰਾਂ ਵੱਲੋਂ ਦਾਖਲ ਹੋ ਕੇ ਵੱਡੇ ਪੱਧਰ 'ਤੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਸੀ। ਥਾਣਾ ਹਰਿਆਣਾ ਦੀ ਪੁਲਸ ਨੂੰ ਮੌਕੇ ਵਾਰਦਾਤ ਦੀ ਸੀ ਸੀ ਟੀ ਵੀ ਫੁਟੇਜ ਦੇਣ ਦੇ ਬਾਵਜੂਦ ਚੋਰਾਂ ਨੂੰ ਫੜਨ ਵਿੱਚ ਅਸਫ਼ਲ ਰਹਿਣਾ ਚਿੰਤਾ ਦਾ ਵਿਸ਼ਾ ਹੈ। ਵਾਰ-ਵਾਰ ਚੋਰੀ ਹੋਣ ਨਾਲ ਬੱਚਿਆਂ ਦੇ ਮਾਪਿਆਂ ਅਤੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਕਤ ਘਟਨਾ ਦੀ ਜਾਣਕਾਰੀ ਬੀ ਪੀ ਈ ਓ ਦਫ਼ਤਰ ਭੂੰਗਾ ਤੇ ਪੁਲਸ ਨੂੰ ਦਿੱਤੀ ਗਈ। ਇਸ ਮੌਕੇ ਹੈਡ ਟੀਚਰ ਅਸ਼ੋਕ ਕੁਮਾਰ, ਮੀਨਾ ਕੁਮਾਰੀ, ਸੁਨੈਨਾ ਦੇਵੀ, ਹਰਕੇਸ਼ ਕੁਮਾਰੀ ਆਂਗਣਵਾੜੀ ਵਰਕਰ, ਰੰਜਨਾ ਕੁਮਾਰੀ, ਅੰਜਲੀ ਦੇਵੀ, ਅਨੀਤਾ ਦੇਵੀ ਤੇ ਪਿੰਡ ਵਾਸੀ ਹਾਜ਼ਰ ਸਨ।

ਪੰਜਾਬ 'ਚ ਮਨਰੇਗਾ ਦੀ ਦਿਹਾੜੀ 303 ਰੁਪਏ ਹੋਵੇਗੀ

ਫਿਲੌਰ, (ਨਿਰਮਲ)-ਪੰਜਾਬ ਵਿੱਚ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਦਿਹਾੜੀ ਵਿੱਤੀ ਸਾਲ 2023 -24 ਲਈ 01 ਅਪ੍ਰੈਲ 2023 ਤੋਂ 303 ਰੁਪਏ ਹੋਵੇਗੀ ਜੋ ਕਿ ਵਿੱਤੀ ਸਾਲ 2022-23 ਦੌਰਾਨ 282 ਰੁਪਏ ਸੀ। ਦੇਸ਼ ਭਰ ਵਿੱਚ ਵਿੱਤੀ ਸਾਲ 2023-24 ਦੌਰਾਨ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਉੱਜਰਤ ਦੀਆਂ ਦਰਾਂ ਸੰਬੰਧੀ ਭਾਰਤ ਸਰਕਾਰ ਦੇ ਮਨਿਸਟਰੀ ਆਫ ਰੂਰਲ ਡਿਵੈਲਪਮੈਂਟ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 24 ਮਾਰਚ 2023 ਦੇ ਹਵਾਲੇ ਅਨੁਸਾਰ ਇਹ ਜਾਣਕਾਰੀ ਦਿੰਦੇ ਹੋਏ ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਐੱਨ.ਐੱਲ.ਓ.) ਦੇ ਕਨਵੀਨਰ ਬਲਦੇਵ ਭਾਰਤੀ ਨੇ ਦੱਸਿਆ ਕਿ ਮਨਰੇਗਾ ਦੀ ਇਹ ਦਿਹਾੜੀ ਹਰਿਆਣਾ ਵਿੱਚ 357 ਰੁਪਏ, ਸਿਕਿੱਮ ਵਿੱਚ 354, ਕੇਰਲਾ ਵਿੱਚ 333 , ਨਿਕੋਬਾਰ ਵਿੱਚ 328 , ਗੋਆ ਵਿੱਚ 322 , ਅੰਡੇਮਾਨ ਵਿੱਚ 311, ਲਕਸ਼ਦੀਪ ਵਿੱਚ 304 ਰੁਪਏ ਹੋਵੇਗੀ। ਇਸ ਤਰ੍ਹਾਂ ਪੰਜਾਬ ਦੂਸਰੇ ਰਾਜਾਂ ਦੇ ਮੁਕਾਬਲੇ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਦਿਹਾੜੀ ਦਰ ਮੁਤਾਬਕ 8ਵੇਂ ਅਸਥਾਨ 'ਤੇ ਹੋਵੇਗਾ।

ਮੋਹਨ ਲਾਲ ਸੇਠ ਨਹੀਂ ਰਹੇ, ਅੰਤਿਮ ਅਰਦਾਸ ਭਲਕੇ

ਸ਼ਾਹਕੋਟ (ਗਿਆਨ ਸੈਦਪੁਰੀ)

ਸੀ ਪੀ ਆਈ (ਐਮ) ਦੇ ਤਹਿਸੀਲ ਕਮੇਟੀ ਮੈਂਬਰ ਅਤੇ ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਗੁਰਸੇਵਕ ਸੇਠ ਦੇ ਪਿਤਾ ਮੋਹਨ ਲਾਲ ਸੇਠ ਨਹੀਂ ਰਹੇ। ਉਹ ਸੀ ਪੀ ਆਈ ਦੇ ਹਮਦਰਦ ਅਤੇ ਨਵਾਂ ਜ਼ਮਾਨਾ ਦੇ ਪਰਮ ਸਨੇਹੀ ਸਨ। ਐਤਵਾਰ ਬਾਅਦ ਦੁਪਹਿਰ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾ ਦੀ ਅੰਤਿਮ ਯਾਤਰਾ ਵਿੱਚ ਸੈਂਕੜੇ ਲੋਕ ਸ਼ਾਮਲ ਹੋਏ। ਉਨ੍ਹਾ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਗੁਰਸੇਵਕ ਸੇਠ ਅਤੇ ਗੁਰਪਿਆਰੇ ਲਾਲ ਸੇਠ ਨੇ ਵਿਖਾਈ। ਅੰਤਿਮ ਸੰਸਕਾਰ ਮੌਕੇ ਵੱਖ ਵੱਖ ਸਿਆਸੀ ਪਾਰਟੀਆਂ ਅਤੇ ਸਮਾਜਕ ਸੰਸਥਾਵਾਂ ਦੇ ਆਗੂ ਸ਼ਾਮਲ ਹੋਏ। ਇਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਸੂਰਤ ਸਿੰਘ ਧਰਮਕੋਟ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਅਬਾਦਕਾਰ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਤੇ ਸੀ ਪੀ ਆਈ (ਐਮ) ਦੇ ਤਹਿਸੀਲ ਸਕੱਤਰ ਕਾਮਰੇਡ ਵਰਿੰਦਰ ਕਾਲਾ, ਆਪ ਸਪੋਰਟਸ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਚੱਠਾ, ਸੀ ਪੀ ਆਈ ਤਹਿਸੀਲ ਨਕੋਦਰ ਦੇ ਸਕੱਤਰ ਕਾਮਰੇਡ ਚਰਨਜੀਤ ਥੰਮੂਵਾਲ, ਸੀ ਪੀ ਆਈ (ਐਮ) ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਬਚਿੱਤਰ ਸਿੰਘ ਤੱਗੜ, ਕਾਂਗਰਸ ਸ਼ਹਿਰੀ ਪ੍ਰਧਾਨ ਪ੍ਰਵੀਨ ਗਰੋਵਰ, ਅਕਾਲੀ ਦਲ (ਬਾਦਲ) ਦੇ ਸ਼ਹਿਰੀ ਪ੍ਰਧਾਨ ਠੇਕੇਦਾਰ ਰਣਧੀਰ ਸਿੰਘ, ਮਾਤਾ ਸਾਹਿਬ ਕੌਰ ਖਾਲਸਾ ਕਾਲਜ ਢੰਡੋਵਾਲ ਦੇ ਪ੍ਰਧਾਨ ਬਲਦੇਵ ਸਿੰਘ ਚੱਠਾ, ਐਡਵੋਕੇਟ ਸ਼ਿਵ ਕਰਨ ਮਲਹੋਤਰਾ, ਸਤੀਸ਼ ਕੁਮਾਰ ਢੰਡ, ਪ੍ਰਦੀਪ ਕੁਮਾਰ, ਸੰਦੀਪ ਸੋਨੀ ਆਦਿ ਸ਼ਾਮਲ ਸਨ। ਪਰਵਾਰਕ ਸੂਤਰਾਂ ਅਨੁਸਾਰ ਮੋਹਨ ਲਾਲ ਸੇਠ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 28 ਮਾਰਚ ਨੂੰ ਉਨ੍ਹਾਂ ਦੇ ਗ੍ਰਹਿ ਅਮਨ ਨਗਰ ਸ਼ਾਹਕੋਟ ਵਿਖੇ ਦੁਪਹਿਰ ਇੱਕ ਵਜੇ ਤੋਂ

27-March-PAGE-9.qxd 3/26/2023 10:26 PM Page 1

ਸੀਚੇਵਾਲ ਨੇ ਆਦਮਪੁਰ ਦੇ ਹਵਾਈ ਅੱਡੇ ਦਾ ਨਾਂਅ ਗੁਰੂ ਰਵਿਦਾਸ ਦੇ ਨਾਂਅ 'ਤੇ ਰੱਖਣ ਦੀ ਕੀਤੀ ਮੰਗ

ਮੀਂਹ ਨਾਲ ਕਣਕਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਅਤੇ ਧੁੱਸੀ ਬੰਨ੍ਹ 'ਤੇ ਸੜਕ ਬਣਾਉਣ ਦਾ ਮੁੱਦਾ ਮੁੱਖ ਮੰਤਰੀ ਕੋਲ ਚੁੱਕਿਆ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)

ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਕੋਲ ਇਲਾਕੇ ਦੇ ਲੋਕਾਂ ਦੇ ਮੁੱਦੇ ਉਠਾਉਂਦਿਆਂ ਮੰਗ ਕੀਤੀ ਕਿ ਆਦਮਪੁਰ ਦੇ ਹਵਾਈ ਅੱਡੇ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਿਆ ਜਾਵੇ। ਉਨ੍ਹਾ ਡੇਰਾ ਸੱਚਖੰਡ ਦੇ ਮੁਖੀ ਸੰਤ ਨਿਰੰਜਣ ਦਾਸ ਦੀ ਹਾਜ਼ਰੀ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਉਹ ਇਸ ਸੰਬੰਧੀ ਬਣਦੀ ਕਾਰਵਾਈ ਪਹਿਲ ਅਧਾਰ 'ਤੇ ਕਰਵਾਉਣ। ਉਨ੍ਹਾ ਕਿਹਾ ਕਿ ਦਲਿਤ ਸਮਾਜ ਦੀ ਇਹ ਚਿਰੋਕਣੀ ਮੰਗ ਹੈ ਕਿ ਇਸ ਹਵਾਈ ਅੱਡੇ ਦਾ ਨਾਂਅ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਿਆ ਜਾਵੇ। ਡੇਰਾ ਸੱਚਖੰਡ ਬੱਲਾਂ 'ਚ ਹੋਏ ਇਸ ਸਮਾਗਮ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਐਮ ਪੀ ਰਾਘਵ ਚੱਢਾ ਤੇ ਕਈ ਮੰਤਰੀ ਤੇ ਵਿਧਾਇਕ ਵੀ ਹਾਜ਼ਰ ਸਨ। ਸੰਤ ਸੀਚੇਵਾਲ ਨੇ ਮੀਂਹ ਕਾਰਨ ਫਸਲਾਂ ਦੇ ਹੋਏ ਨੁਕਸਾਨ ਤੇ ਖ਼ਾਸ ਕਰਕੇ ਕਣਕਾਂ ਦੇ ਨੁਕਸਾਨ ਦਾ ਮੁੱਦਾ ਮੁੱਖ ਮੰਤਰੀ ਪੰਜਾਬ ਕੋਲ ਚੁੱਕਿਆ। ਉਨ੍ਹਾ ਕਿਹਾ ਕਿ ਕਣਕਾਂ ਹੁਣ ਜਦੋਂ ਪੱਕਣ 'ਤੇ ਆਈਆਂ ਸਨ ਉਸ ਵੇਲੇ ਪਏ ਮੀਂਹ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਕਿ ਬਿਨਾਂ ਦੇਰ ਕੀਤਿਆਂ ਫਸਲਾਂ ਦੀ ਗਿਰਦਵਾਰੀ ਕਰਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਤੇ ਨਾਲ ਹੀ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਕਿਉਂਕਿ ਫਸਲਾਂ ਦੇ ਹੋਏ ਨੁਕਸਾਨ ਕਾਰਨ ਉਨ੍ਹਾ ਨੂੰ ਵੀ ਕੰਮ ਘੱਟ ਮਿਲੇਗਾ। ਸੰਤ ਸੀਚੇਵਾਲ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਂਦਾ ਕਿ ਗਿੱਦੜਪਿੰਡੀ ਨੇੜਿਓਂ ਸਤਲੁਜ ਦਰਿਆ ਦਾ ਬੰਨ੍ਹ ਕਈ ਵਾਰ ਟੁੱਟ ਚੁੱਕਾ ਹੈ ਜਿਸ ਨਾਲ ਲੋਕਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਹੈ ਤੇ ਸਰਕਾਰਾਂ ਨੂੰ ਮੁਆਵਜ਼ਾ ਵੀ ਦੇਣਾ ਪੈਂਦਾ ਹੈ। ਉਨ੍ਹਾ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਕਿ ਗਿੱਦੜਪਿੰਡੀ ਤੋਂ ਲੈ ਕੇ ਫਿਲੌਰ ਤੱਕ ਧੁੱਸੀ ਬੰਨ੍ਹ 'ਤੇ ਸੜਕ ਪੱਕੀ ਕੀਤੀ ਜਾਵੇ। ਇਸ ਨਾਲ ਬੰਨ੍ਹ ਦੀ ਨਿਗਰਾਨੀ ਵੀ ਰਹੇਗੀ ਤੇ ਪਿੰਡਾਂ 'ਚ ਮਾਈਨਿੰਗ ਦੀਆਂ ਲੱਦੀਆਂ ਟਰਾਲੀਆਂ ਦੇ ਲੰਘਣ ਕਾਰਨ ਸੜਕਾਂ ਦੇ ਹੁੰਦੇ ਨੁਕਸਾਨ ਤੋਂ ਵੀ ਬਚਾਅ ਹੋ ਜਾਵੇਗਾ।

ਚੋਰ ਮਕਾਨ ਦੀ ਛੱਤ ਢਾਹ ਗਾਡਰ ਚੋਰੀ ਕਰਕੇ ਲੈ ਗਏ

ਅੱਪਰਾ (ਨਿਰਮਲ ਗੁੜਾ)

ਪੁਲਸ ਚੌਕੀ ਦੁਸਾਂਝ ਕਲਾਂ ਇਲਾਕੇ ਵਿੱਚ ਚੋਰਾਂ ਤੇ ਲੁਟੇਰਿਆਂ ਦੇ ਹੌਸਲੇ ਐਨੇ ਬੁਲੰਦ ਹਨ ਕਿ ਚੋਰ ਬਿਨਾਂ ਡਰ ਭੈਅ ਦੇ ਚੋਰੀਆਂ ਕਰ ਰਹੇ ਹਨ ਤੇ ਬੇਵਸੀ ਦਾ ਸ਼ਿਕਾਰ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਹਾਲਾਤ ਐਨੇ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ ਕਿ ਲੋਕਾਂ ਦਾ ਵੇਲੇ ਕੁਵੇਲੇ ਘਰਾਂ ਤੋਂ ਬਾਹਰ ਨਿਕਲਣਾ ਖਤਰੇ ਤੋਂ ਖਾਲੀ ਨਹੀਂ ਹੈ। ਇਲਾਕੇ 'ਚ ਦਹਿਸ਼ਤ ਅਤੇ ਡਰ ਦਾ ਮਹੌਲ ਉਦੋਂ ਹੋਰ ਵੀ ਭਿਆਨਕ ਬਣ ਗਿਆ ਜਦੋਂ ਬੀਤੀ ਰਾਤ ਕੋਟਗਰੇਵਾਲ ਦੇ ਇੱਕ ਕਿਸਾਨ ਦੇ ਡੇਰੇ 'ਤੇ ਬਣੇ ਮਕਾਨ ਦੀ ਛੱਤ ਢਾਹ ਕੇ ਚੋਰ ਗਾਡਰ ਚੋਰੀ ਕਰਕੇ ਲੈ ਗਏ। ਪੀੜਤ ਕਿਸਾਨ ਨਿਰਮਲ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਕੋਟਗਰੇਵਾਲ ਨੇ ਦੱਸਿਆ ਕਿ ਬੀਤੀ ਰਾਤ ਉਹ ਆਪਣੇ ਖੂਹ ਤੋਂ ਕੰਮ ਖਤਮ ਕਰਕੇ ਘਰ ਚਲੇ ਗਏ। ਜਦੋਂ ਸਵੇਰੇ ਆਏ ਤਾਂ ਵੇਖਿਆ ਕਿ ਚੋਰਾਂ ਵੱਲੋਂ ਮਕਾਨ ਦੀ ਛੱਤ ਢਾਹ ਕੇ 10 ਗਾਡਰ ਚੋਰੀ ਕਰਕੇ ਲੈ ਗਏ ਸਨ । ਨਿਰਮਲ ਸਿੰਘ ਨੇ ਦੱਸਿਆ ਉਨ੍ਹਾ ਦਾ ਕਰੀਬ 40 ਹਜ਼ਾਰ ਦਾ ਨੁਕਸਾਨ ਹੋ ਗਿਆ ਹੈ। ਪੀੜਤ ਪਰਵਾਰ ਵੱਲੋਂ ਦੁਸਾਂਝ ਕਲਾਂ ਦੀ ਪੁਲਸ ਨੂੰ ਸੂਚਨਾ ਦੇ ਦਿੱਤੀ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਬੀਤੇ ਦਿਨੀਂ ਕੋਟਗਰੇਵਾਲ ਵਿਖੇ ਇੱਕ ਧਾਰਮਿਕ ਅਸਥਾਨ ਨੂੰ ਚੋਰਾਂ ਨੇ ਨਿਸ਼ਾਨਾ ਬਣਾਇਆ ਅਤੇ ਇੱਕ ਕਿਸਾਨ ਦੇ ਘਰੋਂ ਇੰਜਣ ਅਤੇ ਹੋਰ ਸਮਾਨ ਚੋਰੀ ਹੋ ਚੁੱਕਾ ਹੈ। ਇਲਾਕਾ ਵਾਸੀਆਂ ਨੇ ਪੁਲਸ ਅਤੇ ਸਰਕਾਰ ਪਾਸੋਂ ਜਾਨ ਮਾਲ ਦੀ ਰਾਖੀ ਦੀ ਮੰਗ ਕੀਤੀ ਹੈ।

ਮੰਡੀ ਬੋਰਡ ਦੇ ਚੇਅਰਮੈਨ ਬਰਸਟ ਵੱਲੋਂ ਆੜ੍ਹਤੀਆਂ ਨਾਲ ਮੀਟਿੰਗ

ਸ਼ਾਹਕੋਟ (ਗਿਆਨ ਸੈਦਪੁਰੀ)-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਬੀਤੀ ਸ਼ਾਮ ਆੜ੍ਹਤੀ ਐਸੋਸੀਏਸ਼ਨ ਪੰਜਾਬ (ਰਜਿ.) ਦੇ ਅਹੁਦੇਦਾਰਾਂ ਨਾਲ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਮੀਟਿੰਗ ਕੀਤੀ। ਆੜ੍ਹਤੀਆਂ ਨੇ ਚੇਅਰਮੈਨ ਨੂੰ ਐਫ. ਸੀ. ਆਈ ਨਾਲ ਸਬੰਧਤ ਕਈ ਦਿੱਕਤਾਂ ਦੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਹੋਰ ਵੀ ਕਈ ਮੁਸ਼ਕਿਲਾਂ ਗਿਣਾਈਆਂ ਗਈਆਂ।

ਚੇਅਰਮੈਨ ਨੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸਮਾਜ ਦੇ ਹਰੇਕ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਆੜ੍ਹਤੀਆਂ ਦੀਆਂ ਸਮੱਸਿਆਂਵਾਂ ਨੂੰ ਦੂਰ ਕਰਨ ਲਈ ਸਾਰਥਕ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਮੰਡੀਆਂ ਦਾ ਸਹੀ ਵਿਕਾਸ ਨਹੀਂ ਹੋ ਸਕਿਆ ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਤੋਂ ਹਦਾਇਤਾਂ ਲੈ ਕੇ ਮੰਡੀਆਂ ਦੇ ਸਹੀ ਵਿਕਾਸ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਈ ਲਾਹੇਵੰਦ ਸਕੀਮਾਂ ਲਿਆਂਦੀਆਂ ਜਾਣਗੀਆਂ। ਬਰਸਟ ਨੇ ਆੜ੍ਹਤੀ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਭਵਿੱਖ ਵਿਚ ਲਏ ਜਾਣ ਵਾਲੇ ਫੈਸਲਿਆਂ ਵਿਚ ਆੜ੍ਹਤੀਆਂ ਦੀ ਵੀ ਰਾਇ ਲਈ ਜਾਵੇਗੀ ਅਤੇ ਕੋਈ ਵੀ ਫੈਸਲਾ ਜਬਰਦਸਤੀ ਲਾਗੂ ਨਹੀਂ ਕੀਤਾ ਜਾਵੇਗਾ। ਮੀਟਿੰਗ ਵਿਚ ਰਵਿੰਦਰ ਸਿੰਘ ਚੀਮਾ ਪ੍ਰਧਾਨ, ਹਰਜੀਤ ਸਿੰਘ ਬਰੂ ਉਪ-ਚੇਅਰਮੈਨ, ਰਜਿੰਦਰ ਕੁਮਾਰ ਅਰੋੜਾ ਤੇ ਜਸਵਿੰਦਰ ਸਿੰਘ ਰਾਣਾ ਦੋਵੇਂ ਜਨਰਲ ਸੱਕਤਰਾਂ ਦੇ ਨਾਲ-ਨਾਲ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਆੜ੍ਹਤੀਆਂ ਦੇ ਨੁਮਾਇੰਦੇ ਹਾਜਰ ਸਨ।

ਪਾਸਲਾ ਵੱਲੋਂ ਮੋਦੀ-ਸ਼ਾਹ ਸਰਕਾਰ ਦੇ ਨਾਦਰਸ਼ਾਹੀ ਫੁਰਮਾਨ ਦੀ ਜ਼ੋਰਦਾਰ ਨਿਖੇਧੀ

ਜਲੰਧਰ (ਰਾਜੇਸ਼ ਥਾਪਾ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਇੱਕ ਅਨਿਆਈਂ ਅਦਾਲਤੀ ਫੈਸਲੇ ਦਾ ਆਸਰਾ ਲੈਂਦਿਆਂ ਕਾਂਗਰਸ ਪਾਰਟੀ ਦੇ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਦੀ ਮੈਂਬਰੀ ਰੱਦ ਕਰਨ ਅਤੇ ਸੰਸਦ ਮੈਂਬਰ ਵਜੋਂ ਉਨ੍ਹਾਂ ਨੂੰ ਦਿੱਤੀ ਗਈ ਰਿਹਾਇਸ਼ ਫੌਰੀ ਖਾਲੀ ਕੀਤੇ ਜਾਣ ਦੇ ਮੋਦੀ-ਸ਼ਾਹ ਸਰਕਾਰ ਦੇ ਨਾਦਰਸ਼ਾਹੀ ਫੁਰਮਾਨ ਦੀ ਜੋਰਦਾਰ ਨਿਖੇਧੀ ਕੀਤੀ ਹੈ। ਸਾਥੀ ਪਾਸਲਾ ਨੇ ਕਿਹਾ ਕਿ ਤਾਨਾਸ਼ਾਹੀ ਰਾਜ ਪ੍ਰਬੰਧ ਦੇ ਕੱਟੜ ਮੁਦੱਈ, ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਫਿਰਕੂ-ਫਾਸ਼ੀ ਏਜੰਡੇ 'ਤੇ ਚਲਦਿਆਂ ਦੇਸ਼ ਦੇ ਜਮਹੂਰੀ ਢਾਂਚੇ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦਾ ਪੈਰ-ਪੈਰ 'ਤੇ ਘਾਣ ਕਰਦੀ ਜਾ ਰਹੀ ਉਕਤ ਪਿਛਾਖੜੀ ਸਰਕਾਰ ਦੇ ਇਨ੍ਹਾਂ ਘਾਤਕ ਹਮਲਿਆਂ ਦਾ ਹਰ ਮੰਚ ਤੋਂ ਜੋਰਦਾਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਜਮਹੂਰੀਅਤ ਦੇ ਖਾਤਮੇ ਲਈ ਪੱਬਾਂ ਭਾਰ ਮੋਦੀ ਸਰਕਾਰ ਨੂੰ ਚਲਦਾ ਕਰਨ ਲਈ ਵਿਸ਼ਾਲ ਜਨਤਕ ਲਾਮਬੰਦੀ 'ਤੇ ਆਧਾਰਿਤ ਤਿੱਖੇ ਸੰਘਰਸ਼ਾਂ ਦੇ ਪਿੜ ਮੱਲਣ। ਉਨਹਾਂ ਕਿਹਾ ਕਿ ਉਕਤ ਉਦੇਸ਼ ਦੀ ਪੂਰਤੀ ਲਈ ਦੇਸ਼ ਦੇ ਭਵਿੱਖ ਲਈ ਚਿੰਤਾਤੁਰ ਸਾਰੀਆਂ ਪ੍ਰਗਤੀ ਹਾਮੀ 'ਤੇ ਦੇਸ਼ ਭਗਤਕ ਤਾਕਤਾਂ ਦੀ ਇੱਕਜੁਟ ਸੰਗਰਾਮੀ ਦਖਲ ਅੰਦਾਜੀ ਵਰਤਮਾਨ ਦੌਰ ਦਾ ਸਭ ਤੋਂ ਵਡੇਰਾ ਤੇ ਮਹਤਵਪੂਰਨ ਕਾਰਜ ਹੈ। ਸਾਥੀ ਮੰਗਤ ਰਾਮ ਪਾਸਲਾ ਨੇ ਉਕਤ ਵਿਚਾਰ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਵਿੱਚ ਬੋਲਦਿਆਂ ਪ੍ਰਗਟਾਏ। ਪਾਰਟੀ ਦੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ ਅਤੇ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਵੀ ਵਿਚਾਰ ਰੱਖੇ।

ਪੀ ਸੀ ਐਮ ਐਸ ਡੀ ਕਾਲਜ 'ਚ 'ਏਅਰ ਫੋਰਸ 'ਚ ਕੈਰੀਅਰ' ਵਿਸ਼ੇ 'ਤੇ ਕਾਨਫਰੰਸ

ਜਲੰਧਰ (ਇਕਬਾਲ ਸਿੰਘ ਉੱਭੀ)-ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਵਿਖੇ ਪਲੇਸਮੈਂਟ ਸੈੱਲ ਵੱਲੋਂ "ਏਅਰ ਫੋਰਸ ਵਿੱਚ ਕਰੀਅਰ" ਵਿਸ਼ੇ 'ਤੇ ਇੱਕ ਕਾਨਫਰੰਸ ਕਰਵਾਈ ਗਈ । ਸਾਰਜੈਂਟ ਆਰ ਕੇ ਰਾਏ ਅਤੇ ਏਅਰਮੈਨ ਸਿਲੈਕਸ਼ਨ ਸੈਂਟਰ-1, ਅੰਬਾਲਾ ਤੋਂ ਸਾਰਜੈਂਟ ਸੰਤੋਸ਼ ਕੁਮਾਰ ਕਾਨਫਰੰਸ ਲਈ ਸਰੋਤ ਵਿਅਕਤੀ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੀ 'ਅਗਨੀਵੀਰ ਯੋਜਨਾ' ਦੀ ਭਰਤੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਪਲੇਸਮੈਂਟ ਸੈੱਲ ਵੱਲੋਂ ਇਸ ਸਮਾਗਮ ਦੇ ਆਯੋਜਨ ਵਿੱਚ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ।

ਮਹਿੰਦਰਾ ਪਬਲਿਕ ਸਕੂਲ 'ਚ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

ਕਰਤਾਰਪੁਰ (ਹਰਮੇਸ਼ ਦੱਤ)

ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ(ਜ਼ਿਲ੍ਹਾ ਕਪੂਰਥਲਾ) ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਤੇ ਨਵੇਂ ਵਿਦਿਅਕ ਸੈਸ਼ਨ ਦੀ ਸ਼ੁਰੂਆਤ ਨੂੰ ਮੁੱਖ ਰੱਖਦੇ ਹੋਏ ਸਕੂਲ ਦੇ ਵਿਦਿਆਰਥੀਆਂ ਦੇ ਭਲੇ ਸੁੱਖ-ਸ਼ਾਂਤੀ ਅਤੇ ਚੜ੍ਹਦੀ ਕਲਾ ਲਈ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਦੇ ਹੋਏ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਵਿਦਿਆਰਥੀਆਂ ਦੇ ਮਾਤਾ ਪਿਤਾ ਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ ਅਤੇ ਸਕੂਲ ਵਿਦਿਆਰਥੀਆਂ ਵੱਲੋਂ ਰਸਭਿੰਨੀ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਤੇ ਗੁਰੂ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਅੰਤ ਵਿਚ ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ ਅਤੇ ਸਕੂਲ ਚੇਅਰਮੈਨ ਹਰਮਨ ਸਿੰਘ ਪੱਡਾ ਨੇ

ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ, ਸਕੂਲ ਚੇਅਰਮੈਨ ਹਰਮਨ ਸਿੰਘ ਪੱਡਾ, ਮੈਡਮ ਰੇਣੂ ਸ਼ਰਮਾ, ਕੰਚਨ ਸ਼ਰਮਾ, ਰਾਣੀ ਭਾਟੀਆ, ਪਰਮਜੀਤ ਕੌਰ, ਦਲਵਿੰਦਰ ਕੌਰ, ਰਮਨਦੀਪ, ਕਰਨਜੋਤ ਕੌਰ, ਸੰਗੀਤਾ ਸ਼ਰਮਾ, ਹਰਚੰਦ ਕੌਰ ਅਨੁਰਾਧਾ, ਲੀਨਾ, ਰਜਨੀ ਸਰਮਾ, ਸ਼ਿਵਾਨੀ ਸ਼ਰਮਾ, ਰਾਜ ਕੁਮਾਰ ਅਤੇ ਵਿਦਿਆਰਥੀ ਹਾਜ਼ਰ ਸਨ।

ਨੰਬਰਦਾਰ ਯੂਨੀਅਨ ਵੱਲੋਂ ਮੰਗਾਂ ਸੰਬੰਧੀ ਵਿਧਾਨ ਸਭਾ ਸਪੀਕਰ ਨਾਲ ਮੀਟਿੰਗ

ਚੰਡੀਗੜ੍ਹ,(ਗੁਰਜੀਤ ਬਿੱਲਾ)—ਪੰਜਾਬ ਨੰਬਰਦਾਰ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਵਿਧਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਇਥੇ ਮੁਲਾਕਾਤ ਕੀਤੀ। ਆਪਣੀ ਸਰਕਾਰੀ ਰਿਹਾਇਸ਼ ਵਿਖੇ ਮੀਟਿੰਗ ਦੌਰਾਨ ਸਪੀਕਰ ਸੰਧਵਾਂ ਨੇ ਨੰਬਰਦਾਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਯਤਨਸੀਲ ਹੈ। ਉਨ੍ਹਾਂ ਕਿਹਾ ਕਿ ਸੂਬੇ ਦਾ ਨੰਬਰਦਾਰ ਭਾਈਚਾਰਾ ਲੋਕਤੰਤਰੀ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹੈ, ਜਿਨ੍ਹਾਂ ਦੀ ਹਰ ਪਿੰਡ/ਸ਼ਹਿਰ ਅਤੇ ਸਰਕਾਰੀ ਦਫਤਰਾਂ ਵਿੱਚ ਇੱਕ ਮੋਹਤਬਰ ਵਿਅਕਤੀ ਵਜੋਂ ਪਛਾਣ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਕਿਲੀ ਦੀ ਅਗਵਾਈ ਵਿੱਚ ਵਫਦ ਨੇ ਪੰਜਾਬ ਵਿਧਾਨ ਸਭਾ ਸਪੀਕਰ ਨੂੰ ਆਪਣਾ ਮੰਗ ਪੱਤਰ ਸੌਂਪਦਿਆਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਹਮੇਸ਼ਾ ਉਨ੍ਹਾਂ ਨੂੰ ਲਾਰਿਆਂ ਵਿੱਚ ਰੱਖਿਆ ਹੈ ਅਤੇ ਉਨ੍ਹਾਂ ਲਈ ਕੀਤਾ ਕੁਝ ਨਹੀਂ। ਨੰਬਰਦਾਰਾਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਤੋਂ ਪੂਰਨ ਆਸ ਹੈ ਕਿ ਇਹ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਅਮਲੀਜਾਮਾ ਪਹਿਨਾਏਗੀ। ਸਪੀਕਰ ਨੇ ਨੰਬਰਦਾਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਸਬੰਧਤ ਕੈਬਿਨਟ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਤਾਂ ਜੋ ਮੰਗਾਂ ਸਬੰਧੀ ਹਮਦਰਦੀ ਨਾਲ ਵਿਚਾਰ ਕਰਦਿਆਂ ਇਨ੍ਹਾਂ ਦਾ

27-MAR-PAGE-1.qxd 3/26/2023 9:08 PM Page 2

ਗੁਰੂ ਨਾਨਕ ਨੈਸ਼ਨਲ ਕਾਲਜ 'ਚ ਅੰਤਰ-ਕਲਾਸ ਵਾਲੀਬਾਲ ਮੁਕਾਬਲੇ

ਦੋਰਾਹਾ (ਹਰਮਿੰਦਰ ਸਿੰਘ ਸੇਠ)-ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਸਰੀਰਕ ਸਿੱਖਿਆ ਵਿਭਾਗ ਦੁਆਰਾ ਲੜਕਿਆਂ ਦੇ ਅੰਤਰ ਕਲਾਸ ਵਾਲੀਬਾਲ ਮੁਕਾਬਲੇ ਕਰਵਾਏ ਗਏ। ਸਰੀਰਕ ਸਿੱਖਿਆ ਵਿਭਾਗ ਦੇ ਪ੍ਰਾਧਿਆਪਕ ਪ੍ਰੋ. ਮਨਿੰਦਰ ਸਿੰਘ ਦੀ ਨਿਗਰਾਨੀ ਹੇਠ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ 'ਚ ਅੱਠ ਟੀਮਾਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਬੀ ਏ ਭਾਗ ਦੂਜਾ ਦੀ ਟੀਮ ਨੇ ਪਹਿਲਾ ਸਥਾਨ, ਬੀ ਏ ਭਾਗ ਤੀਜਾ ਦੀ ਟੀਮ ਨੇ ਦੂਸਰਾ ਅਤੇ ਬੀ ਸੀ ਏ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਜੇਤੂ ਟੀਮਾਂ ਨੂੰ ਕਾਰਜਕਾਰੀ ਪ੍ਰਿੰਸੀਪਲ ਅਤੇ ਡੀਨ ਆਫ਼ ਸਪੋਰਟਸ ਡਾ. ਨਿਰਲੇਪ ਕੌਰ ਦੁਆਰਾ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਰਨੈਲ ਸਿੰਘ ਵੀ ਹਾਜ਼ਰ ਸਨ। ਇਨ੍ਹਾਂ ਮੁਕਾਬਲਿਆਂ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਰੀਰਕ ਸਿੱਖਿਆ ਵਿਭਾਗ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਡਿਪਟੀ ਕਮਿਸ਼ਨਰ ਵੱਲੋਂ ਮਹਾਰਾਜਾ ਦਲੀਪ ਸਿੰਘ ਸਮਾਰਕ ਦਾ ਦੌਰਾ

ਹਨੂਰ (ਨਛੱਤਰ ਸੰਧੂ)-ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹਾਰਾਜਾ ਦਲੀਪ ਸਿੰਘ ਯਾਦਗਾਰ, ਜਿਸ ਨੂੰ ਆਮ ਤੌਰ 'ਤੇ ਬੱਸੀਆਂ ਕੋਠੀ ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਸੁਹਿਰਦ ਯਤਨ ਕੀਤੇ ਜਾਣਗੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਿਤ ਕੁਮਾਰ ਪੰਚਾਲ, ਐਸ ਡੀ ਐਮ ਗੁਰਬੀਰ ਸਿੰਘ ਕੋਹਲੀ ਦੇ ਨਾਲ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਦੱਸਿਆ ਕਿ ਬੱਸੀਆਂ ਕੋਠੀ ਸਿੱਖ ਵਿਰਸੇ ਦੀ 200 ਸਾਲ ਤੋਂ ਵੱਧ ਪੁਰਾਣੀ ਯਾਦਗਾਰ ਹੈ, ਜਿਸ ਨੂੰ ਆਖਰੀ ਸਿੱਖ ਮਹਾਰਾਜਾ ਸਵਰਗੀ ਮਹਾਰਾਜਾ ਦਲੀਪ ਸਿੰਘ ਦੀ ਯਾਦ 'ਚ ਯਾਦਗਾਰ ਵਜੋਂ ਵਿਕਸਤ ਕੀਤਾ ਗਿਆ ਸੀ। ਇਸ ਬੱਸੀਆਂ ਕੋਠੀ ਵਿਖੇ ਮਹਾਰਾਜਾ ਦਲੀਪ ਸਿੰਘ ਨੂੰ 1849 'ਚ ਆਪਣੀ ਜਲਾਵਤਨੀ ਤੋਂ ਪਹਿਲਾਂ ਅੰਗਰੇਜ਼ਾਂ ਦੁਆਰਾ ਗ੍ਰਿਫਤਾਰ ਕਰਕੇ ਕੈਦ 'ਚ ਰੱਖਿਆ ਗਿਆ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਫੰਡਾਂ ਲਈ ਸਰਕਾਰ ਨੂੰ ਪ੍ਰਸਤਾਵ ਭੇਜਿਆ ਗਿਆ ਹੈ ਤਾਂ ਜੋ ਲੋੜੀਂਦੇ ਕੰਮਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਯਾਦਗਾਰ ਦੇ ਰੱਖ-ਰਖਾਅ ਅਤੇ ਹੋਰ ਕੰਮਾਂ ਲਈ ਸੀ ਐਸ ਆਰ ਫੰਡਾਂ ਦੀ ਵਰਤੋਂ ਵੀ ਕੀਤੀ ਜਾਵੇਗੀ। ਡਿਪਟੀ ਨੇ ਕਿਹਾ ਕਿ ਜ਼ਿਲ੍ਹੇ ਦੇ ਸਕੂਲਾਂ ਅਤੇ ਕਾਲਜਾਂ ਨੂੰ ਵੀ ਹਦਾਇਤ ਜਾਰੀ ਕੀਤੀ ਜਾਵੇਗੀ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਯਾਦਗਾਰ ਵੇਖਣ ਲਈ ਭੇਜਣ ਤਾਂ ਜੋ ਨੌਜਵਾਨ ਪੀੜ੍ਹੀ ਪੰਜਾਬ ਦੇ ਇਤਿਹਾਸ ਤੋਂ ਜਾਣੂੰ ਹੋ ਸਕੇ।

ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ ਦੇ ਜਸਟਿਸ ਸੂਰੀ ਵੱਲੋਂ ਅਦਾਲਤਾਂ ਦਾ ਨਿਰੀਖਣ

ਬਰੇਟਾ (ਰੀਤਵਾਲ, ਗੋਬਿੰਦ ਸ਼ਰਮਾ)-ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਜੁਡੀਸ਼ੀਅਲ ਕੋਰਟ ਕੰਪਲੈਕਸ ਜਸਟਿਸ ਵਿਕਾਸ ਸੂਰੀ ਵੱਲੋਂ ਬੁਢਲਾਡਾ ਦੀ ਅਦਾਲਤ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾ ਬਾਰ ਰੂਮ 'ਚ ਆ ਕੇ ਵਕੀਲਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਵਿਸ਼ਵਾਸ ਦੁਆਇਆ ਕਿ ਵੱਧ ਤੋਂ ਵੱਧ ਮੁਸ਼ਕਲਾਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਸੁਖਦਰਸ਼ਨ ਸਿੰਘ ਚੌਹਾਨ ਦੀ ਪ੍ਰਧਾਨਗੀ ਹੇਠ ਜਸਟਿਸ ਸੂਰੀ ਦਾ ਸੁਆਗਤ ਕਰਦਿਆਂ ਯਾਦਗਾਰੀ ਚਿੰਨ੍ਹ ਵੀ ਦਿੱਤਾ ਗਿਆ। ਇਸ ਮੌਕੇ ਮੀਤ ਪ੍ਰਧਾਨ ਸੁਰਜੀਤ ਸਿੰਘ ਸੋਢੀ , ਐਡਵੋਕੇਟ ਨਵਨੀਤ ਸਿੰਗਲਾ, ਸੁਰਿੰਦਰ ਕੁਮਾਰ, ਐਡਵੋਕੇਟ ਜਸਵਿੰਦਰ ਸਿੰਘ ਧਾਲੀਵਾਲ, ਐਡਵੋਕੇਟ ਪ੍ਰਵੀਨ ਕੁਮਾਰ, ਐਡਵੋਕੇਟ ਜਸਪ੍ਰੀਤ ਸਿੰਘ ਗੁਰਨੇ , ਐਡਵੋਕੇਟ ਸੁਨੀਲ ਕੁਮਾਰ ਗਰਗ, ਐਡਵੋਕੇਟ ਬਲਕਰਨ ਸਿੰਘ ਧਾਲੀਵਾਲ, ਐਡਵੋਕੇਟ ਸਵਰਨਜੀਤ ਸਿੰਘ ਬੀਰੋਕੇ, ਐਡਵੋਕੇਟ ਜਗਤਾਰ ਸਿੰਘ ਚਹਿਲ, ਐਡਵੋਕੇਟ ਅਵਤਾਰ ਸਿੰਘ ਸਿੱਧੂ, ਐਡਵੋਕੇਟ ਰਾਜ ਕੁਮਾਰ ਮਨਚੰਦਾ, ਐਡਵੋਕੇਟ ਸੁਰੇਸ਼ ਸ਼ਰਮਾ, ਐਡਵੋਕੇਟ ਜਸਵਿੰਦਰ ਸਿੰਘ ਝਿੰਜਰ, ਐਡਵੋਕੇਟ ਮੋਹਿਤ, ਐਡਵੋਕੇਟ ਰਾਜ ਕੁਮਾਰ, ਐਡਵੋਕੇਟ ਸੁਸ਼ੀਲ ਬਾਂਸਲ, ਐਡਵੋਕੇਟ ਗੁਰਿੰਦਰ ਮੰਗਲਾ, ਐਡਵੋਕੇਟ ਸੁਰਜੀਤ ਸਿੰਘ ਧਾਲੀਵਾਲ, ਐਡਵੋਕੇਟ ਲਵਲੀਸ਼ ਗੋਇਲ, ਐਡਵੋਕੇਟ ਅਸ਼ਵਨੀ ਕੁਮਾਰ, ਐਡਵੋਕੇਟ ਸੁਰਿੰਦਰ ਸਿੰਘ, ਐਡਵੋਕੇਟ ਭੁਪੇਸ਼ ਬਾਂਸਲ, ਐਡਵੋਕੇਟ ਰਾਕੇਸ਼ ਕੁਮਾਰ ਅਤੇ ਐਡਵੋਕੇਟ ਹਰਬੰਸ ਸਿੰਘ ਬਰੇਟਾ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਫਸਲਾਂ ਦੇ ਖਰਾਬੇ ਦਾ ਲਿਆ ਜਾਇਜ਼ਾ

ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹੇ 'ਚ ਹੋਈ ਭਾਰੀ ਬਰਸਾਤ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਬਲਦੀਪ ਕੌਰ ਨੇ ਪਿੰਡ ਖਿਆਲਾ ਕਲਾਂ, ਕੋਟੜਾ ਅਤੇ ਭੀਖੀ ਦਾ ਦੌਰਾ ਕਰਕੇ ਮੌਕਾ ਵੇਖਿਆ। ਡਿਪਟੀ ਕਮਿਸ਼ਨਰ ਨੇ ਮੀਂਹ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਭਰੋਸਾ ਦਿਵਾਇਆ ਕਿ ਫਸਲਾਂ ਦੇ ਹੋਏ ਨੁਕਸਾਨ ਦੀ ਰਿਪੋਰਟ ਸਰਕਾਰ ਨੂੰ ਭੇਜ ਕੇ ਕਿਸਾਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾ ਦੱਸਿਆ ਕਿ ਬਰਸਾਤ ਕਾਰਨ ਹੋਏ ਫਸਲੀ ਨੁਕਸਾਨ ਦਾ ਸਰਵੇਖਣ ਕੀਤਾ ਜਾ ਰਿਹਾ ਹੈ, ਸਰਕਾਰ ਹਰ ਕੁਦਰਤੀ ਆਫਤ 'ਚ ਕਿਸਾਨਾਂ ਦੇ ਨਾਲ ਹੈ। ਉਨ੍ਹਾ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਫਸਲੀ ਨੁਕਸਾਨ ਦੀ ਰਿਪੋਰਟ ਪੂਰੀ ਪਾਰਦਰਸ਼ਤਾ ਨਾਲ ਬਣਾਈ ਜਾਵੇ। ਇਸ ਮੌਕੇ ਨਾਇਬ ਤਹਿਸੀਲਦਾਰ ਮਾਨਸਾ ਬੀਰਬਲ ਸਿੰਘ, ਕਾਨੂੰਗੋ ਭੈਣੀ ਬਾਘਾ ਗਿਰਧਾਰੀ ਲਾਲ, ਕਾਨੂੰਗੋ ਭੀਖੀ ਮਿੱਠਾ ਸਿੰਘ, ਪਟਵਾਰੀ ਹਰਮਨਜੀਤ ਸਿੰਘ, ਸੂਬਾ ਸਿੰਘ ਤੋਂ ਇਲਾਵਾ ਪ੍ਰਭਾਵਤ ਕਿਸਾਨ ਵੀ ਮੌਜੂਦ ਸਨ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਯੁਵਾ ਕੇਂਦਰ ਅਤੇ ਮੁਕਤੀਸਰ ਵੈਲਫੇਅਰ ਕਲੱਬ ਵੱਲੋਂ ਤਿਲਕ ਨਗਰ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ, ਰਾਜਗੁਰੂ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸੰਸਥਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ ਅਤੇ ਸੀਨੀਅਰ ਮੈਂਬਰ ਸੁਨੀਲ ਗਰਗ ਨੇ ਸ਼ਹਾਦਤ ਨੂੰ 'ਤੇ ਇੱਕ ਸੈਮੀਨਾਰ ਕਰਵਾਇਆ। ਸੁਨੀਲ ਕੁਮਾਰ ਗਰਗ ਨੇ ਕਿਹਾ ਸਾਨੂੰ ਇਨ੍ਹਾਂ ਸ਼ਹੀਦਾਂ ਨੂੰ ਹਮੇਸ਼ਾ ਹੀ ਦੇਸ਼ ਦੀ ਅਜ਼ਾਦੀ 'ਚ ਯੋਗਦਾਨ ਲਈ ਯਾਦ ਕੀਤਾ ਜਾਣਾ ਚਾਹੀਦਾ ਹੈ ਤੇ ਇਨ੍ਹਾਂ ਦੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਦੌਰਾਨ ਨਹਿਰੂ ਯੁਵਾ ਕੇਂਦਰ ਦੇ ਸਹਿਯੋਗ ਨਾਲ ਆਏ ਹੋਏ ਮੁੱਖ ਮਹਿਮਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੈਡਮ ਸੁਖਪ੍ਰੀਤ ਕੌਰ, ਸੋਨੀਆ ਗਿੱਲ, ਆਰਤੀ, ਅਨੰਨਿਆ, ਜਸਪ੍ਰੀਤ ਕੌਰ, ਵਿਸ਼ਾਲੀ ਆਦਿ ਹਾਜ਼ਰ ਸਨ।

ਪ੍ਰਾਇਮਰੀ ਸਕੂਲ 'ਚ ਵਰਦੀਆਂ ਵੰਡੀਆਂ

ਸਰਦੂਲਗੜ੍ਹ (ਅਵਤਾਰ ਜਟਾਣਾ)-ਸਰਕਾਰੀ ਪ੍ਰਾਇਮਰੀ ਸਕੂਲ ਜਟਾਣਾ ਕਲਾਂ ਵਿਖੇ ਪ੍ਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਸੁਰਜੀਤ ਸਿੰਘ ਗਾਦੜ ਵੱਲੋਂ ਵਰਦੀਆਂ ਵੰਡੀਆਂ ਗਈਆਂ। ਇਸ ਮੌਕੇ ਸਮੂਹ ਸਟਾਫ ਨੇ ਸਰਪੰਚ ਜਗਸੀਰ ਸਿੰਘ ਦਾ ਧੰਨਵਾਦ ਕੀਤਾ ਅਤੇ ਸਕੂਲ ਇੰਚਾਰਜ ਮੈਡਮ ਜਗਪ੍ਰੀਤ ਕੌਰ ਵੱਲੋਂ ਸੁਰਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਇੱਕ ਚੰਗੀ ਪਹਿਲਕਦਮੀ ਹੈ। ਇਸ ਮੌਕੇ ਘੁੱਕਰ ਸਿੰਘ, ਕੁਲਵਿੰਦਰ ਸਿੰਘ, ਮੋਹਿਤ ਅਰੋੜਾ, ਹਰਪ੍ਰੀਤ ਸਿੰਘ, ਹਰਵਿੰਦਰ ਪਾਲ ਸਿੰਘ, ਹਰਦੀਪ ਕੌਰ, ਕੁਲਦੀਪ ਸਿੰਘ, ਪ੍ਰੇਮ ਕੁਮਾਰ ਅਤੇ ਪਿੰਡ ਦੇ ਹੋਰ ਪਤਵੰਤੇ ਹਾਜ਼ਰ ਸਨ।

ਨਰਸਿੰਗ ਇੰਸਟੀਚਿਊਟ ਨੇ ਵਿਸ਼ਵ ਟੀ ਬੀ ਦਿਵਸ ਮਨਾਇਆ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਅਤੇ ਪੈਰਾਮੈਡੀਕਲ ਸੰਸਥਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯਨਾਈਟਿਡ ਗੁਰੱਪ ਦੇ ਚਾਂਸਲਰ ਡਾਕਟਰ ਜੋਰਾ ਸਿੰਘ ਅਤੇ ਚਾਂਸਲਰ ਡਾ. ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਰੁਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਨਰਸਿੰਗ ਇੰਸਟੀਚਿਊਟ ਵੱਲੋਂ ਵਿਸਵ ਟੀ ਬੀ ਦਿਵਸ ਮਨਾਇਆ ਗਿਆ। ਇੱਕ ਸੈਮੀਨਾਰ ਰਾਹੀਂ ਜੀ ਐਨ ਐਮ ਅਤੇ ਏ ਐਨ ਐਮ ਦੇ ਵਿਦਿਆਰਥੀਆਂ ਨੇ ਮੁੱਖ ਉਦੇਸ਼ ਤੇ ਡਰਾਮਾ, ਭਾਸ਼ਣ, ਚਾਰਟ ਪ੍ਰਤੀਯੋਗਤਾ ਰਾਹੀਂ ਇੱਕ ਬਹੁਤ ਵਧੀਆ ਤਰੀਕੇ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਕਿ ਭਾਰ ਘਟਣਾ , ਹਲਕਾ ਬੁਖਾਰ, ਰਾਤ ਨੂੰ ਪਸੀਨਾ ਆਉਣਾ, ਚਿੜਚਿੜਾਪਣ ਤੇ ਰਾਤ ਨੂੰ ਖੰਘ ਆਉਣਾ ਟੀ ਬੀ ਲੱਛਣ ਹੋ ਸਕਦੇ ਹਨ। ਇਸ ਮੌਕੇ ਪ੍ਰਿੰਸੀਪਲ ਰੁਪਿੰਦਰ ਕੌਰ ਨੇ ਟੀ ਬੀ ਦੀ ਰੋਕਥਾਮ ਬਾਰੇ ਜਾਗਰੂਕ ਕੀਤਾ। ਇਸ ਮੌਕੇ ਦੇਸ਼ ਭਗਤ ਕੈਂਪਸ ਦੇ ਸੁਪਰਡੈਂਟ ਮੇਜਰ ਚੰਦ ਅਤੇ ਦੇਸ਼ ਭਗਤ ਦੇ ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ ਅਤੇ ਸਮੂਹ ਸਟਾਫ ਮੌਜੂਦ ਸੀ।

ਮੰਗਾਂ ਨਾ ਮੰਨੀਆਂ ਤਾਂ ਅਪ੍ਰੈਲ ਦੇ ਪਹਿਲੇ ਹਫਤੇ ਸਾਰੇ ਉੱਚ ਵਿਦਿਅਕ ਅਦਾਰਿਆਂ 'ਚ ਮੁਕੰਮਲ ਹੜਤਾਲ

ਪਟਿਆਲਾ : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਚੱਲ ਰਹੇ 'ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ' ਦੀ ਤਾਲਮੇਲ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ। ਮੋਰਚੇ ਨੂੰ ਵੱਡੇ ਪੱਧਰ ਉੱਤੇ ਲੈ ਕੇ ਜਾਣ ਲਈ ਇਸ ਮੀਟਿੰਗ ਵਿੱਚ ਸਾਰੇ ਹੀ ਮੁੱਦੇ ਵਿਚਾਰੇ ਗਏ। ਇਹ ਫੈਸਲਾ ਹੋਇਆ ਕਿ ਪੰਜਾਬੀ ਯੂਨੀਵਰਸਿਟੀ ਦੀ ਵਿੱਤੀ ਹਾਲਤ ਨੂੰ ਸਮਝਣ ਵਾਲੀਆਂ ਸਾਰੀਆਂ ਹੀ ਜਥੇਬੰਦੀਆਂ ਨਾਲ਼ ਮੀਟਿੰਗ ਕਰਕੇ ਅਤੇ ਉਹਨਾਂ ਨੂੰ ਮੋਰਚੇ ਵੱਲੋਂ ਪੱਤਰ ਭੇਜ ਕੇ ਉਹਨਾਂ ਦੀ ਮਦਦ ਲਈ ਜਾਵੇਗੀ।

ਜ਼ਿਕਰਯੋਗ ਹੈ ਕਿ 28 ਮਾਰਚ ਨੂੰ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂ ਮੋਰਚੇ ਵਿੱਚ ਪਹੁੰਚਣਗੇ ਅਤੇ ਸੰਬੋਧਨ ਕਰਨਗੇ। ਇਸ ਅਹਿਮ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਜੇ ਸਰਕਾਰ ਨੇ ਮੋਰਚੇ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਅਪ੍ਰੈਲ ਮਹੀਨੇ ਦੇ ਪਹਿਲੇ ਹਫਤੇ ਵਿਦਿਅਕ ਅਦਾਰਿਆਂ ਵਿੱਚ ਮੁਕੰਮਲ ਹੜਤਾਲ ਦਾ ਸੱਦਾ ਦਿੱਤਾ ਜਾਵੇਗਾ। ਵਿਦਿਆਰਥੀ, ਅਧਿਆਪਕ ਅਤੇ ਕਰਮਚਾਰੀ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੁਆਰਾ ਬਜਟ ਵਿੱਚ ਗਰਾਂਟ ਘਟਾਉਣ ਦੇ ਮੁੱਦੇ 'ਤੇ ਚੱਲ ਰਿਹਾ ਇਹ ਸੰਘਰਸ਼ 14ਵੇਂ ਦਿਨ ਵੀ ਜਾਰੀ ਰਿਹਾ। ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਮੁਲਾਜ਼ਮਾਂ ਦੀਆਂ ਪਿਛਲੇ ਦੋ ਮਹੀਨੇ ਦੀਆਂ ਤਨਖਾਹਾਂ ਜਾਰੀ ਨਹੀਂ ਹੋਈਆਂ। ਆਗੂਆਂ ਵੱਲੋਂ ਕਿਹਾ ਗਿਆ ਕਿ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਪੂਰੀ ਗਰਾਂਟ ਨਾ ਦੇਣ ਕਾਰਨ ਪੂਰੇ ਵਿਦਿਆਰਥੀ ਵਰਗ 'ਤੇ ਵਿੱਤੀ ਬੋਝ ਪੈ ਰਿਹਾ ਹੈ, ਜਿਸ ਦੇ ਚਲਦਿਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮਾਨਸਿਕ ਤੌਰ ਉੱਤੇ ਪ੍ਰੇਸ਼ਾਨੀ ਝਲਣੀ ਪੈ ਰਹੀ ਹੈ ਅਤੇ ਪੂਰੇ ਅਕਾਦਮਿਕ ਮਾਹੌਲ ਵਿੱਚ ਖਲਲ ਪੈ ਰਿਹਾ ਹੈ । ਆਗੂਆਂ ਸ਼ਿਕਵਾ ਕਰਦਿਆਂ ਆਖਿਆ ਕਿ ਪਿਛਲੇ ਚੌਦਾਂ ਦਿਨਾਂ ਤੋਂ ਰਾਤ ਨੂੰ ਅਧਿਆਪਕ, ਵਿਦਿਆਰਥੀ ਅਤੇ ਮੁਲਾਜ਼ਮ ਮੱਛਰਾਂ ਵਿੱਚ ਫ਼ਾਕੇ ਕੱਟ ਰਹੇ ਹਨ, ਪਰ ਨਵੀਂ ਬਣੀ ਸਰਕਾਰ ਕਿਸੇ ਹੋਰ ਹੀ ਜਸ਼ਨਾਂ ਵਿੱਚ ਮਸ਼ਰੂਫ ਹੋਈ ਜਾਪਦੀ ਹੈ, ਜਿਸ ਕਰਕੇ ਉਸ ਨੂੰ ਮੋਰਚੇ ਦੀ ਗੱਲ ਸੁਣ ਨਹੀਂ ਰਹੀ। ਜੇਕਰ ਪੰਜਾਬ ਸਰਕਾਰ ਯੂਨੀਵਰਸਿਟੀ ਦਾ 150 ਕਰੋੜ ਦਾ ਕਰਜ਼ਾ ਮੁਆਫ ਨਹੀਂ ਕਰਦੀ ਅਤੇ ਯੂਨੀਵਰਸਿਟੀ ਦੀ ਪੂਰੀ ਗਰਾਂਟ ਜਾਰੀ ਨਹੀਂ ਕਰਦੀ ਤਾਂ ਮੋਰਚਾ ਇਸ ਨੂੰ ਵੱਡੇ ਪੱਧਰ ਉੱਤੇ ਲੈ ਕੇ ਜਾਣ ਲਈ ਅਤੇ ਤਿੱਖਾ ਸੰਘਰਸ਼ ਕਰਨ ਲਈ ਤਿਆਰੀਆਂ ਕਰ ਰਿਹਾ ਹੈ।

ਮੀਟਿੰਗ ਵਿੱਚ ਪੂਟਾ ਦੇ ਅਧਿਆਪਕ ਆਗੂ ਡਾ. ਰਾਜਦੀਪ, ਡਾ. ਲਖਵੀਰ ਸਿੰਘ, ਗੈੱਸਟ ਫੈਕਲਟੀ ਤੋਂ ਸਰਬਜੀਤ ਸੇਬੀ, ਮੁਲਾਜ਼ਮਾਂ ਵਿਚੋਂ ਮਨੋਜ ਭਾਂਬਰੀ ਅਤੇ ਹਰਦੀਪ ਸ਼ਰਮਾ, ਕੁਲਵਿੰਦਰ ਸਿੰਘ ਅਤੇ ਪੰਜਾਬ ਸਟੂਡੈਂਟ ਯੂਨੀਅਨ ਤੋਂ ਗੁਰਦਾਸ ਸਿੰਘ, ਸਟੂਡੈਂਟ ਫੈਡਰੇਸ਼ਨ ਤੋਂ ਵਿਦਿਆਰਥੀ ਆਗੂ ਅੰਮ੍ਰਿਤਪਾਲ ਅਤੇ ਨਿਰਭੈ ਸਿੰਘ, ਪੰਜਾਬ ਸਟੂਡੈਂਟ ਯੂਨੀਅਨ (ਲਲਕਾਰ) ਤੋਂ ਗੁਰਪ੍ਰੀਤ ਸਿੰਘ, ਪੰਜਾਬ ਰੈਡੀਕਲ ਸਟੂਡੈਂਟ ਯੂਨੀਅਨ ਤੋਂ ਸੰਦੀਪ ਕੌਰ, ਵਿਦਿਆਰਥੀ ਆਗੂਆਂ ਤੋਂ ਇਲਾਵਾ ਪੈਨ

27-March-PAGE-11-Majha-2023.qxd 3/26/2023 10:12 PM Page 1

ਤਜਵੀਜ਼ਤ ਟੋਲ ਪਲਾਜ਼ਾ ਵਿਰੁੱਧ ਧਰਨਾ 84ਵੇਂ ਦਿਨ ਵੀ ਜਾਰੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ ਉਪਰ ਸਥਿਤ ਪਿੰਡ ਖਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ਾ ਵਿਰੁੱਧ ਲਾਇਆ ਧਰਨਾ ਅੱਜ 84ਵੇਂ ਦਿਨ ਵੀ ਜਾਰੀ ਰਿਹਾ।

ਧਰਨੇ ਦੇ ਜਥੇ ਦੀ ਅਗਵਾਈ ਕਿਰਤੀ ਕਿਸਾਨ ਯੂਨੀਅਨ ਵੱਲੋਂ ਬੀਰ ਸਿੰਘ ਵੀਹਲਾ ਨੇ ਕੀਤੀ। ਅੱਜ ਦੇ ਜਥੇ ਵਿੱਚ ਦਿਲਬਾਗ ਸਿੰਘ ਸਤਨਾਮ ਸਿੰਘ, ਗੁਰਨਾਮ ਸਿੰਘ ਅਤੇ ਕੁਲਦੀਪ ਸਿੰਘ ਪਿੰਡ ਡੋਗਰ, ਕਰਮ ਸਿੰਘ ਤਰਪੱਲੇ, ਸੁਖਵਿੰਦਰ ਸਿੰਘ ਮੀਰਾਂ ਕੋਟਲੀ, ਗੁਰਮੇਜ ਸਿੰਘ ਸਰਪੰਚ ਪਿੰਡ ਖੂਸਰ, ਜੋਗਿੰਦਰ ਸਿੰਘ ਸਹਾਰੀ ਆਦਿ ਸ਼ਾਮਲ ਸਨ। ਅੱਜ ਦੇ ਜਥੇ ਨੂੰ ਸਨਮਾਨਿਤ ਕਰਨ ਵਾਲਿਆਂ ਵਿੱਚ ਅਸ਼ਵਨੀ ਕੁਮਾਰ ਲੱਖਣ ਕਲਾਂ, ਗੁਰਦੀਪ ਸਿੰਘ ਕਾਮਲਪੁਰ, ਹਰਿੰਦਰ ਸਿੰਘ ਸਪਰਾਵਾਂ ਪੰਜਾਬ ਕਿਸਾਨ ਯੂਨੀਅਨ, ਬਲਕਾਰ ਸਿੰਘ ਨੜਾਂਵਾਲੀ ਜਮਹੂਰੀ ਕਿਸਾਨ ਸਭਾ, ਬੀਕੇਯੂ ਏਕਤਾ ਉਗਰਾਹਾਂ ਵੱਲੋਂ ਅਸ਼ੋਕ ਕੁਮਾਰ ਨੇ ਜਥੇ ਨੂੰ ਸਨਮਾਨਿਤ ਕੀਤਾ।

ਅੱਜ ਦੇ ਬੁਲਾਰਿਆਂ ਵਲੋਂ ਅਸ਼ਵਨੀ ਕੁਮਾਰ ਲੱਖਣ ਕਲਾਂ ਨੇ ਕਿਹਾ ਕਿ ਬਾਰਸ਼ ਕਾਰਨ ਇਲਾਕੇ ਅੰਦਰ ਕਿਸਾਨਾਂ ਦੀ ਕਣਕ ਦੀ ਫਸਲ ਖਰਾਬ ਹੋ ਗਈ ਹੈ। ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਨ੍ਹਾਂ ਖਰਾਬ ਹੋਈਆਂ ਕਣਕ ਦੀਆਂ ਫਸਲਾਂ ਦੀ ਜਲਦੀ ਤੋਂ ਜਲਦੀ ਗਿਰਦਾਵਰੀ ਕਰਵਾਏ ਅਤੇ ਕਿਸਾਨਾਂ ਦੀ ਕਣਕ ਦੇ ਖਰਾਬੇ ਦਾ ਮੁਆਵਜ਼ਾ ਦੇਵੇ। ਅੰਤ ਵਿਚ ਉਨ੍ਹਾਂ ਕਿਹਾ ਕਿ ਇਹ ਟੋਲ ਪਲਾਜ਼ਾ ਕਿਸੇ ਵੀ ਹਾਲਤ ਵਿੱਚ ਨਹੀਂ ਲੱਗਣ ਦਿੱਤਾ ਜਾਵੇਗਾ।

ਖਹਿਰਾ ਵੱਲੋਂ ਸ਼ੈਰੀ ਕਲਸੀ 'ਤੇ ਮੜ੍ਹੇ ਦੋਸ਼ ਝੂਠੇ ਤੇ ਬੇਬੁਨਿਆਦ ਨਿਕਲੇ: ਮਨਦੀਪ ਗਿੱਲ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਪਿਛਲੇ ਦਿਨੀਂ ਸੁਖਪਾਲ ਸਿੰਘ ਖਹਿਰਾ ਕਾਂਗਰਸੀ ਆਗੂ ਵੱਲੋਂ ਲਾਈਵ ਹੋ ਕੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਉਪਰ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਅਤੇ ਝੂਠ ਦਾ ਪੁਲੰਦਾ ਸਾਬਿਤ ਹੋਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਆਮ ਆਦਮੀ ਪਾਰਟੀ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਸਮੇਂ ਕੀਤਾ। ਪ੍ਰਧਾਨ ਮਨਦੀਪ ਗਿੱਲ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਫੋਕੀ ਸ਼ੋਹਰਤ ਲੈਣ ਲਈ ਸਭ ਝੂਠ ਬੋਲ ਰਿਹਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਜੋ ਜਾਣਕਾਰੀ ਦਿੱਤੀ ਗਈ ਉਹ ਪੂਰੀ ਤਰ੍ਹਾਂ ਗਲਤ ਸਾਬਤ ਹੋਈ ਹੈ ਜਦਕਿ ਵਿਧਾਇਕ ਸ਼ੈਰੀ ਕਲਸੀ ਨੇ 12ਵੀ ਕਲਾਸ 2005 ਵਿੱਚ 83% ਅੰਕਾਂ ਨਾਲ ਪਾਸ ਕਰਲੀ ਸੀ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 2005 ਦੇ ਗਜ਼ਟ ਰਿਜ਼ਲਟ ਦੀ ਕਾਪੀ ਵੀ ਲੋਕਾਂ ਸਾਹਮਣੇ ਪੇਸ਼ ਕਰਕੇ ਆਪਣੀ ਸੱਚਾਈ ਸਾਬਿਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਨੂੰ ਆਪਣੀ ਗਲਤੀ ਮੰਨ ਕੇ ਸ਼ੈਰੀ ਕਲਸੀ ਅਤੇ ਬਟਾਲੇ ਦੇ ਲੋਕਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ। ਪ੍ਰਧਾਨ ਗਿੱਲ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਕੀਤੀ ਗਈ ਇਹ ਹਰਕਤ ਅਤਿ ਨਿੰਦਣਯੋਗ ਹੈ। ਪ੍ਰਧਾਨ ਗਿੱਲ ਨੇ ਅੰਤ ਵਿੱਚ ਕਿਹਾ ਕਿ ਬਟਾਲੇ ਹਲਕੇ ਦੇ ਲੋਕ ਆਪਣੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨਾਲ ਹਮੇਸ਼ਾ ਚਟਾਨ ਵਾਂਗ ਖੜੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਅਮਨਦੀਪ ਸਿੰਘ ਗਿੱਲ, ਰਾਜਬੀਰ ਸਿੰਘ ਰਾਜੂ, ਹੈਪੀ ਮਸੀਹ ਮੋਮਨ ਸੀਨੀਅਰ ਆਪ ਆਗੂ, ਗੁਰਦੀਪ ਸਿੰਘ ਸੰਧੂ, ਰਾਜਬੀਰ ਸਿੰਘ ਰੰਧਾਵਾ, ਲਖਵਿੰਦਰ ਸਿੰਘ ਲੱਖਾ, ਰਘੁਬੀਰ ਸਿੰਘ ਢੀਂਡਸਾ, ਸਰਪੰਚ ਮਨਦੀਪ ਸਿੰਘ ਨੌਸ਼ਹਿਰਾ ਮੱਝਾ ਸਿੰਘ ਅਤੇ ਸੰਦੀਪ ਸਿੰਘ ਹਾਜ਼ਰ ਸਨ।

ਅਧਿਆਪਕਾਂ ਦੀਆਂ ਮੁਸ਼ਕਲਾਂ ਹੱਲ ਕਰਨ 'ਚ ਸਰਕਾਰ ਨਾਕਾਮ ਰਹੀ: ਡੀ ਟੀ ਐੱਫ

ਤਰਨਤਾਰਨ (ਪ੍ਰਿਤਪਾਲ ਸਿੰਘ)-ਫਾਜ਼ਲਿਕਾ ਜ਼ਿਲ੍ਹੇ ਤੋਂ ਤਰਨਤਾਰਨ ਦੇ ਬਲਾਕ ਵਲਟੋਹਾ 'ਚ ਡਿਊਟੀ 'ਤੇ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਭਿਆਨਕ ਹਾਦਸੇ ਕਾਰਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਅਤੇ ਕਈਆਂ ਦੇ ਗੰਭੀਰ ਜ਼ਖਮੀ ਹੋਣ ਨੂੰ ਮੰਦਭਾਗੀ ਘਟਨਾ ਕਰਾਰ ਦਿੰਦੇ ਹੋਏ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ. ਟੀ. ਐੱਫ.) ਪੰਜਾਬ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਡੀ. ਟੀ. ਐੱਫ. ਨੇ ਫੌਤ ਹੋਣ ਵਾਲਿਆਂ ਅਤੇ ਜ਼ਖਮੀ ਅਧਿਆਪਕਾਂ ਲਈ ਪੰਜਾਬ ਸਰਕਾਰ ਤੋਂ ਢੁੱਕਵੇਂ ਮੁਆਵਜ਼ੇ ਦੇ ਨਾਲ-ਨਾਲ ਇਲਾਜ ਦਾ ਉੱਚ ਪੱਧਰੀ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਹੈ। ਡੀ. ਟੀ. ਐੱਫ. ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਜਨਰਲ ਸਕੱਤਰ ਕਸ਼ਮੀਰ ਸਿੰਘ ਚੋਹਲਾ, ਕੰਵਰਦੀਪ ਸਿੰਘ ਚੱਕ ਮਹਿਰ, ਅਮਰਦੀਪ ਸ਼ਰਮਾ, ਜਸਵਿੰਦਰ ਸਿੰਘ ਝਬਾਲ, ਬਲਜਿੰਦਰ ਸਿੰਘ ਦੁਗਲਵਾਲਾ, ਸਰਬਜੀਤ ਸਿੰਘ ਕਾਜ਼ੀਕੋਟ, ਭੁਪਿੰਦਰ ਸਿੰਘ ਨਾਗੀ, ਗਗਨ ਕੱਕੜ, ਜੁਨੇਸ਼ ਗੁਪਤਾ, ਗੁਰਪ੍ਰੀਤ ਚੋਪੜਾ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ, ਕਰਨਦੀਪ ਸਿੰਘ, ਜਸਕੀਰਤ ਸਿੰਘ ਪਹੂਵਿੰਡ, ਪ੍ਰਿੰਸਦੀਪ ਸਿੰਘ, ਅਮਰਿੰਦਰ ਸਿੰਘ ਨੂਰਦੀ, ਗੁਰਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਚੋਹਲਾ ਸਾਹਿਬ ਆਦਿ ਨੇ ਕਿਹਾ ਕੇ ਪਿੱਤਰੀ ਜ਼ਿਲ੍ਹਿਆਂ ਵਿੱਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਤੋਂ ਵੀ ਸਿੱਖਿਆ ਵਿਭਾਗ ਜਾਂ ਪੰਜਾਬ ਸਰਕਾਰ ਵਲੋਂ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਹਾਦਸੇ ਕਾਰਨ ਅਧਿਆਪਕ ਭਾਈਚਾਰੇ ਵਿਚ ਭਾਰੀ ਸੋਗ ਦੀ ਲਹਿਰ ਹੈ ਅਤੇ ਅਧਿਆਪਕਾਂ ਵਲੋਂ ਇਸ ਹਾਦਸੇ ਦੇ ਪੀੜਤਾਂ ਦੇ ਹੱਕ ਵਿਚ ਹਰ ਸੰਭਵ ਯਤਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਡੀਟੀਐੱਫ ਜ਼ਿਲ੍ਹਾ ਤਰਨਤਾਰਨ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਸਾੜ ਕੇ ਮੰਗ ਕੀਤੀ ਗਈ ਕਿ ਅਧਿਆਪਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਨਿਯੁਕਤੀ ਦਿੱਤੀ ਜਾਵੇ ਤਾਂ ਕਿ ਉਹ ਬੇਲੋੜੇ ਸਫਰ ਤੋਂ ਬਚ ਸਕਣ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਟਿਆਲਾ ਵਿਖੇ ਮੀਟਿੰਗ ਭਲਕੇ

ਚੇਅਰਮੈਨ ਪ੍ਰਦੂਸ਼ਣ ਕੰਟਰੋਲ ਬੋਰਡ ਅੱਗੇ ਰੱਖੀਆਂ ਜਾਣਗੀਆਂ ਅਹਿਮ ਮੰਗਾਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਵਫ਼ਦ, ਮਾਰਚ 28 ਨੂੰ ਚੇਅਰਮੈਨ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ ਪਟਿਆਲਾ ਵਿੱਚ ਤਹਿ ਹੋਈ ਮੀਟਿੰਗ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਦੀ ਅਗਵਾਈ ਵਿਚ ਦੁਪਹਿਰ 1 ਵਜੇ ਸ਼ਿਰਕਤ ਕਰੇਗਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਆਲਮ ਇਹ ਹੈ ਕਿ ਇੱਕ ਸਮੇਂ ਦੇਸ਼ ਦਾ ਸਭ ਤੋਂ ਸਿਹਤਮੰਦ ਸਮਝਿਆ ਜਾਂਦਾ ਪੰਜਾਬ ਸੂਬਾ ਅੱਜ ਕੈਂਸਰ ਤੇ ਦਮੇ ਵਰਗੀਆਂ ਲਾ-ਇਲਾਜ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋਂ ਮੰਗ ਹੈ ਕਿ ਜ਼ੀਰਾ ਸ਼ਰਾਬ ਫੈਕਟਰੀ ਬਾਰੇ ਹੋਏ ਸਰਕਾਰ ਦੇ ਫੈਸਲੇ ਦਾ ਤੁਰੰਤ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ, ਇਸੇ ਤਰ੍ਹਾਂ ਲਹੁਕਾ ਸ਼ਰਾਬ ਫੈਕਟਰੀ, ਹਮੀਰਾ ਸ਼ਰਾਬ ਤੇ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਬਣਦੀਆਂ ਬੇਨਿਯਮੀਆਂ ਦੇ ਅਨੁਸਾਰ ਮਿਸਾਲੀ ਕਾਰਵਾਈ ਦੇ ਤੌਰ 'ਤੇ ਸਜ਼ਾਵਾਂ ਅਤੇ ਜੁਰਮਾਨੇ ਕੀਤੇ ਜਾਣ, ਪ੍ਰਦੂਸ਼ਣ ਕਾਰਨ ਹੋਏ ਇਨਸਾਨੀ ਤੇ ਪਾਲਤੂ ਜਾਨਵਰਾਂ ਦੇ ਜਾਨੀ ਨੁਕਸਾਨ ਸਬੰਧੀ ਮੁਆਵਜ਼ੇ ਦਿੱਤੇ ਜਾਣ ਅਤੇ ਬਿਮਾਰੀਆਂ ਦੇ ਸ਼ਿਕਾਰ ਹੋਏ ਲੋਕਾਂ ਦੇ ਇਲਾਜ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇ, ਬਿਨਾਂ ਐੱਨਓਸੀ ਐਥਾਨੋਲ ਪਲਾਂਟ ਚਾਲੂ ਕਰਨ ਵਾਲੀ ਰਾਣਾ ਬੁੱਟਰ ਮਿੱਲ ਦੀ ਇਨਕੁਆਰੀ ਅਤੇ ਪ੍ਰਦੂਸ਼ਣ ਬੋਰਡ ਦੇ ਸਬੰਧਿਤ ਅਧਿਕਾਰੀਆਂ ਤੇ ਬਣਦੀ ਕਾਰਵਾਈ ਕੀਤੀ ਜਾਵੇ, ਸੋਧਿਆ ਹੋਇਆ ਪਾਣੀ ਖੇਤਾਂ ਲਈ ਵਰਤਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਧਰਤੀ ਹੇਠੋਂ ਕੱਢੇ ਜਾਣ ਵਾਲੇ ਪਾਣੀ ਦੀ ਮਿਕਦਾਰ ਘਟੇ, ਪਲਾਸਟਿਕ ਦੀ ਵਰਤੋਂ ਤੇ ਸਖਤੀ ਨਾਲ ਰੋਕ ਲੱਗੇ। ਆਗੂਆਂ ਕਿਹਾ ਕਿ ਹੋਰ ਵੀ ਬਹੁਤ ਸਾਰੇ ਮਸਲੇ ਤੇ ਸੁਝਾਵ ਹਨ ਜੋ ਮੀਟਿੰਗ ਵਿਚ ਰੱਖੇ ਜਾਣਗੇ।

ਉਨ੍ਹਾਂ ਕਿਹਾ ਕਿ ਸਰਕਾਰ ਅਤੇ ਅਦਾਰੇ ਵੱਲੋਂ ਤਸੱਲੀਯੋਗ ਕਾਰਵਾਈ ਨਾ ਹੋਣ 'ਤੇ ਆਉਣ ਵਾਲੇ ਦਿਨਾਂ ਵਿਚ ਜਥੇਬੰਦੀ ਲੋਕ ਲਹਿਰ ਬਣਾ ਕੇ ਤਿੱਖਾ ਅਤੇ ਨਿਰਣਾਇਕ ਸੰਘਰਸ਼ ਸ਼ੁਰੂ ਕਰੇਗੀ। ਇਸ ਮੌਕੇ ਸੂਬਾਈ ਆਗੂ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ, ਜਸਬੀਰ ਸਿੰਘ ਪਿੱਦੀ, ਗੁਰਲਾਲ ਸਿੰਘ ਪੰਡੋਰੀ, ਹਰਪ੍ਰੀਤ ਸਿੰਘ ਸਿੱਧਵਾਂ, ਜਰਮਨਜੀਤ ਸਿੰਘ ਬੰਡਾਲਾ, ਰਣਜੀਤ ਸਿੰਘ ਕਲੇਰ ਬਾਲਾ, ਗੁਰਬਚਨ ਸਿੰਘ ਚੱਬਾ, ਪਰਮਜੀਤ ਸਿੰਘ ਭੁੱਲਾ, ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਲਖਵਿੰਦਰ ਸਿੰਘ ਵਰਿਆਮ ਨੰਗਲ, ਜਗਦੀਸ਼ ਸਿੰਘ ਮਨਸਾ, ਹਰਵਿੰਦਰ ਸਿੰਘ ਮਸਾਣੀਆਂ, ਸਲਵਿੰਦਰ ਸਿੰਘ ਜਾਣੀਆਂ ਅਤੇ ਕੰਵਰਦਲਪ੍ਰੀਤ ਸੈਦੋਲੇਹਲ ਹਾਜ਼ਰ ਸਨ।

ਬਾਬਾ ਜੋਗਾ ਸਿੰਘ ਬਣੇ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ 16ਵੇਂ ਜਥੇਦਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ 15ਵੇਂ ਮੁਖੀ ਜਥੇਦਾਰ ਬਾਬਾ ਗੱਜਣ ਸਿੰਘ ਦੇ ਦੁਸਹਿਰੇ ਦੇ ਸਮਾਗਮ ਮੌਕੇ ਗੁ: ਬਾਬਾ ਨੌਧ ਸਿੰਘ ਵਿਖੇ ਸਭ ਨਿਹੰਗ ਸਿੰਘ ਦਲਾਂ ਨੇ ਪੁਰਾਤਨ ਪਰੰਪਰਾ ਅਤੇ ਮਰਯਾਦਾ ਅਨੁਸਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿਚ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਬਾਬਾ ਬਿਧੀਚੰਦ ਸਾਹਿਬ ਸੰਪਰਦਾਇ ਤਰਨਾ ਦਲ ਸੁਰਸਿੰਘ ਵਾਲੇ, ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਅਤੇ ਬਾਬਾ ਗੁਰਦੇਵ ਸਿੰਘ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਗੁਰਮਤੇ ਦੀ ਮਨਸ਼ਾ ਅਨੁਸਾਰ ਦਸਤਾਰਬੰਦੀ ਕਰਕੇ ਬਾਬਾ ਜੋਗਾ ਸਿੰਘ ਨੂੰ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ 16ਵਾਂ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ 17 ਮਾਰਚ 2023 ਨੂੰ ਜਥੇਦਾਰ ਬਾਬਾ ਗੱਜਣ ਸਿੰਘ ਅਕਾਲ ਚਲਾਣਾ ਕਰ ਗਏ ਸਨ। ਉਪਰੰਤ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ਼ ਅਨੰਦਪੁਰ ਸਾਹਿਬ ਵਾਲਿਆਂ ਨੂੰ ਸਾਰੀਆਂ ਜਥੇਬੰਦੀਆਂ ਵੱਲੋਂ ਮੁਖੀ ਬਣਨ ਦੀ ਪੇਸ਼ਕਸ਼ ਕੀਤੀ ਗਈ ਪਰ ਉਨ੍ਹਾਂ ਕਿਹਾ ਕਿ "ਜਥੇਦਾਰ ਸੰਤ ਬਾਬਾ ਕੀਰਤਨ ਸਿੰਘ ਜੀ ਨੇ ਮੈਨੂੰ ਸ਼ਹੀਦੀ ਬਾਗ਼ ਦੀ ਸੇਵਾ ਕਰਨ ਦਾ ਹੁਕਮ ਕੀਤਾ ਹੋਇਆ ਹੈ, ਮੈਂ ਹੁਕਮ ਦੀ ਪਾਲਣਾ ਵਿਚ ਹਾਂ, ਮੈਨੂੰ ਜਥੇਦਾਰੀ ਦੀ ਤਾਂਘ ਨਹੀਂ ਹੈ। ਇਹ ਸੇਵਾ ਬਾਬਾ ਜੋਗਾ ਸਿੰਘ ਨੂੰ ਸੌਂਪ ਦਿੱਤੀ ਜਾਵੇ।" ਬਾਬਾ ਗੁਰਦੇਵ ਸਿੰਘ ਦੀ ਤਿਆਗ ਸਮਰਪਿਤ ਭਾਵਨਾ ਨੂੰ ਪ੍ਰਵਾਨ ਕਰਦਿਆਂ ਸਭ ਧਾਰਮਿਕ ਆਗੂਆਂ ਨੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ।

ਸ਼ਹੀਦ ਭਗਤ ਸਿੰਘ ਸੇਵਾ ਕੇਂਦਰ ਪਾਖਰਪੁਰਾ ਵਿਖੇ ਸ਼ਹੀਦਾਂ ਨੂੰ ਸਿਜਦਾ

ਮਜੀਠਾ (ਸੋਇਮ ਆਨੰਦ)-ਸਹੀਦ ਭਗਤ ਸਿੰਘ ਸੇਵਾ ਕੇਂਦਰ ਪਾਖਰਪੁਰਾ ਵਿਖੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੋਸ਼ਲ ਐਂਡ ਸਪੋਰਟਸ ਸੋਸਾਇਟੀ ਇੰਡੋ ਕੈਨੇਡਾ ਵਲੋਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਜਿਸ ਵਿਚ ਕੈਬਨਿਟ ਮੰਤਰੀ ਇੰਦਰਬੀਰ ਸਿੰਘ ਨਿੱਜਰ ਦੇ ਸਿਆਸੀ ਸਲਾਹਕਾਰ ਅਸ਼ੋਕ ਕੁਮਾਰ ਵਲੋਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਕਿਹਾ ਕਿ ਜਿਹੜੇ ਦੇਸ਼ ਲਈ ਕੁਰਬਾਨ ਹੋ ਕੇ ਇਸ ਦੇਸ਼ ਨੂੰ ਆਜ਼ਾਦ ਕਰਵਾ ਗਏ ਸਾਨੂੰ ਉਨ੍ਹਾਂ ਸ਼ਹੀਦਾਂ ਨੂੰ ਦਿਲੋਂ ਸ਼ਰਧਾਂਜਲੀਆਂ ਦੇਣੀਆਂ ਚਾਹੀਦੀਆਂ ਹਨ ਤੇ ਉਨ੍ਹਾਂ ਦੇ ਮਾਰਗ 'ਤੇ ਚੱਲਣ ਦੀ ਲੋੜ ਹੈ।

ਇਸ ਮੌਕੇ ਬਲਬੀਰ ਸਿੰਘ ਬੋਪਾਰਾਏ, ਬਲਜਿੰਦਰ ਸਿੰਘ ਕੱਥੂਨੰਗਲ, ਐਕਸੀਅਨ ਗੁਰਬਖਸ਼ ਸਿੰਘ, ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਵਲੋਂ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਵਿਸ਼ੇਸ਼ ਸਪਲੀਮੈਂਟ

ਸੰਦੇਸ਼

ਪ੍ਰਿੰਸੀਪਲ ਸਵਰਨ ਸਿੰਘ ਵਿਰਕ
ਰਿਆਜ਼ਬੀ ਕਾਨਵ ਤੁੱਲਵਾਲ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਪ੍ਰਿੰਸੀਪਲ ਐੱਮ ਬੀ ਨਾਯਰ
ਸੇਂਟ ਕਬੀਰ ਸਕੂਲ ਸੁਲਤਾਨਪੁਰ

ਪ੍ਰਿੰਸੀਪਲ ਡਾ. ਗੁਰਜੀਤ ਸਿੰਘ
ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ

ਪ੍ਰਿੰਸੀਪਲ ਡਾ. ਰਵਨੀਤ ਕੌਰ
ਜੀ ਟੀ ਬੀ ਆਈ ਸਕੂਲ ਕਲਿਆਣਪੁਰ

ਪ੍ਰਿੰਸੀਪਲ ਗੁਪਿੰਦਰ ਕੌਰ
ਬਾਲ ਵਿਦਿਆ ਮਾਡਲ ਸਕੂਲ ਧਾਰੀਵਾਲ

ਡਾ. ਹਰਪ੍ਰੀਤ ਸਿੰਘ ਹੁੰਦਲ
ਕਾਰਜਕਾਰੀ ਪ੍ਰਿੰਸੀਪਲ ਸਿੰਘ ਨੈਬਰਹਨ ਕਾਲਜ, ਕਾਦੀਆਂ

ਪ੍ਰਿੰਸੀਪਲ ਅਨੂਪ ਸਿੰਘ
ਭੁਰਜ ਸਾਹਿਬ ਸਕੂਲ ਧਾਰੀਵਾਲ

ਸ੍ਰ. ਮੇਜਰ ਸਿੰਘ ਚਾਹਲ
ਪ੍ਰਿੰਸੀਪਲ ਜੀ ਜੀ ਐੱਸ ਮਾਡਰਨ ਸਕੂਲ ਬੋਪਤਪੁਰਾ

ਅਧਿਆਪਕ ਗੁਰਮਿੰਦਰ ਸਿੰਘ ਧਾਲੀਵਾਲ
ਸਮਾਜ ਸੇਵੀ

ਸੰਦੀਪ ਧਾਰੀਵਾਲ ਭੋਜਾ
ਡਾਇਰੈਕਟਰ ਬਰਾਇਟ ਫਿਊਚਰ ਅਕੈਡਮੀ ਰਾਮਪੁਰਾ

ਆਜਾ ਤੈਨੂੰ ਦਾਸਤਾਂ ਸੁਣਾਵਾਂ ਧਾਰੀਵਾਲ ਦੀ

ਅੰਮ੍ਰਿਤਸਰ-ਪਠਾਨਕੋਟ ਹਾਈਵੇ ਉਪਰ ਪੈਂਦਾ ਸ਼ਹਿਰ ਧਾਰੀਵਾਲ ਕਿਸੇ ਸਮੇਂ ਅੰਤਰ-ਰਾਸ਼ਟਰੀ ਪੱਧਰ ਦੀ ਪਹਿਚਾਣ ਰੱਖਦਾ ਸੀ, ਜੋ ਅੱਜ ਅਨੇਕਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਅਤੇ ਮੁੱਖ ਸਹੂਲਤਾਂ ਤੋਂ ਵਾਂਝਾ ਹੈ। ਅੰਗਰੇਜਾਂ ਨੇ 1880 ਵਿੱਚ ਇਥੇ ਸੰਸਾਰ ਪ੍ਰਸਿੱਧ ਵੂਲਨ ਮਿੱਲ ਧਾਰੀਵਾਲ ਲਗਾਈ ਸੀ ਅਤੇ ਸਿਹਤ ਸਹੂਲਤਾਂ ਲਈ ਮਿਸ਼ਨ ਹਸਪਤਾਲ ਅਤੇ ਪੜ੍ਹਾਈ ਲਈ ਮਿਸ਼ਨ ਸਕੂਲ ਸਥਾਪਤ ਕੀਤੇ।

ਦੇਸ ਦੀ ਅਜਾਦੀ ਤੋਂ ਬਾਅਦ ਸਮੇਂ ਸਮੇਂ ਦੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਸ਼ਹਿਰ ਅੱਜ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਸ਼ਹਿਰ ਧਾਰੀਵਾਲ ਵਿੱਚ ਬੱਸ ਅੱਡਾ ਨਹੀਂ ਹੈ। ਸਵਾਰੀਆਂ ਅਤੇ ਬੱਸਾਂ ਸੜਕ ਕਿਨਾਰੇ ਹੀ ਖੜੀਆਂ ਹੁੰਦੀਆਂ ਹਨ। ਸ਼ਹਿਰ ਵਿੱਚੋਂ ਲੰਘਦੀ ਅੱਪਰਬਾਰੀ ਦੁਆਬ ਨਹਿਰ ਦੇ ਕਿਨਾਰਿਆਂ ਦਾ ਹਾਲ ਏਨਾ ਮਾੜਾ ਹੈ ਕਿ ਬਰਸਾਤਾਂ ਵੇਲੇ ਕਦੇ ਵੀ ਨਹਿਰ ਟੁੱਟ ਸਕਦੀ ਹੈ। ਵਿਭਾਗੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਹਿਰ ਦੇ ਦੋਵੇਂ ਪਾਸੇ ਬਹੁਤ ਥਾਂਵਾਂ ਤੇ ਲੋਕਾਂ ਨੇ ਨਜਾਇਜ ਕਬਜੇ ਕੀਤੇ ਹੋਏ ਹਨ। ਸ਼ਹਿਰ ਵਿੱਚ ਨਾ ਕੋਈ ਸਰਕਾਰੀ ਕਾਲਜ, ਨਾ ਸਰਕਾਰੀ ਤਕਨੀਕੀ ਸੰਸਥਾ ਅਤੇ ਨਾ ਕੋਈ ਖੇਡ ਸਟੇਡੀਅਮ ਹੈ। ਪਾਣੀ ਦੀ ਨਿਕਾਸੀ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ। ਸੰਸਾਰ ਪ੍ਰਸਿੱਧ ਵੂਲਨ ਮਿੱਲ ਧਾਰੀਵਾਲ ਸਮੇਂ ਸਮੇਂ ਦੀਆਂ ਸਰਕਾਰਾਂ ਦੀ ਅਣਦੇਖੀ ਅਤੇ ਗਲਤ ਪਾਲਸੀਆਂ ਕਾਰਨ ਆਖਰੀ ਪੜਾਅ ਤੇ ਹੈ।

ਮਿੱਲ ਦੇ ਮੁਲਾਜ਼ਮ/ਮਜ਼ਦੂਰ ਪਿੱਛਲੇ ਕਰੀਬ 48 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲ ਰਹੀਆਂ। ਇਥੇ ਕੋਈ ਨਵੀਂ ਇੰਡਸਟਰੀ ਨਾ ਲੱਗਣ ਕਰਕੇ ਇਲਾਕੇ ਦੇ ਨੌਜਵਾਨ ਰੁਜ਼ਗਾਰ ਲਈ ਇਧਰ-ਉਧਰ ਧੱਕੇ ਖਾ ਰਹੇ ਹਨ। ਧਾਰੀਵਾਲ ਅੰਦਰ ਹੋਏ ਵਿਕਾਸ ਦਾ ਅੰਦਾਜਾ ਸ਼ਹਿਰ ਦੇ ਦਾਣਾ ਮੰਡੀ ਖੁੰਡਾ ਰੋਡ ਉਪਰ ਥਾਂ ਥਾਂ ਤੇ ਪਏ ਡੂੰਘੇ ਟੋਇਆ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਆਖਿਰ ਇਸ ਇਲਾਕੇ ਦੀ ਕਦੋਂ ਸੁਣੀ ਜਾਵੇਗੀ ।

ਮਨਦੀਪ ਸਿੰਘ ਵਿੱਕੀ
ਪ੍ਰਤੀਨਿੱਧ 'ਆਦਾਰਾ ਨਵਾਂ ਜ਼ਮਾਨਾ' ਧਾਰੀਵਾਲ (ਗੁਰਦਾਸਪੁਰ), ਮੋਬਾ : 9855138108

ਸੰਦੇਸ਼

ਸ੍ਰੀ ਮਨਮੋਹਨ ਸਿੰਘ
ਏ ਡੀ ਸੀ (ਵਿਕਾਸ)

ਸ੍ਰੀ ਸਤੀਸ਼ ਕੁਮਾਰ
ਡੀ ਡੀ ਪੀ ਓ ਗੁਰਦਾਸਪੁਰ

ਸ੍ਰ. ਗੁਰਪ੍ਰੀਤ ਸਿੰਘ ਭੁੱਲਰ
ਡੀ ਡੀ ਪੀ ਓ ਕਾਦੀਆਂ

ਸ੍ਰ. ਕੁਲਵੰਤ ਸਿੰਘ
ਡੀ ਡੀ ਪੀ ਓ ਧਾਰੀਵਾਲ

ਡਾ. ਮਨਿੰਦਰਜੀਤ ਸਿੰਘ
ਐੱਸ ਐੱਮ ਓ ਧਾਰੀਵਾਲ

ਡਾ. ਕਿਰਨਜੀਤ ਸਿੰਘ ਵਾਜਵਾ (ਏ ਐੱਮ ਓ)
ਕਾਪੂਰਥੱਲਾ ਡਿਸਟੈਲਰੀ, ਪਰਮਾਣਾ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਭਜਨ ਸਿੰਘ ਤਲਵੰਡੀ ਬਥੁੱਨਗੜ, ਕਿਸਾਨ ਆਗੂ | ਸਤਨਾਮ ਸਿੰਘ ਖਾਨਮਲੱਕ ਕਿਸਾਨ ਆਗੂ | ਨੱਥਾ ਸਿੰਘ ਸਾਬਕਾ ਸਰਪੰਚ ਤਲਵੰਡੀ ਬਥੁੱਨਗੜ | ਤਰਲੋਕ ਸਿੰਘ ਖਾਨਮਲੱਕ ਸਾਬਕਾ ਚੇਅਰਮੈਨ | ਦਲਬੀਰ ਸਿੰਘ ਚਾਹਲ

ਬਾਬਾ ਅਜੈਬ ਸਿੰਘ ਧਾਰੀਵਾਲ ਕਲਾਂ | ਸੰਤੋਖ ਸਿੰਘ ਖਾਨਮਲੱਕ ਆਪ ਆਗੂ | ਅਰਜਿੰਦਰ ਸਿੰਘ ਤਿੰਡਰ ਜੇ ਈ (ਰਿਟ.) | ਬਲਵਿੰਦਰ ਸਿੰਘ ਮੱਲ੍ਹੀ ਸਮਾਜ ਸੇਵੀ | ਅਮਰੀਕ ਲੇਹਲ ਗੀਤਕਾਰ

ਹਰਕੀਰਤ ਸਿੰਘ ਕਾਨੂੰਗੋ | ਰਜਿੰਦਰ ਸਿੰਘ ਸਫਰਵਾਲ ਜਫਰਵਾਲ | ਸੁਖਵਿੰਦਰ ਸਿੰਘ ਪੰਚ ਪਸਨਾਵਾਲ | ਸੀ ਐੱਚ ਟੀ ਅਸ਼ਫਨੀ ਫੱਜੂਪੁਰ ਜ਼ਿਲ੍ਹਾ ਸਰੰਤਰ ਈ ਟੀ ਯੂ | ਦਵਿੰਦਰ ਕੁਮਾਰ ਬਲਮ ਐੱਚ ਸੀ ਸਮਾਜ ਸੇਵੀ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਇੰਜ. ਜੇ ਪੀ ਸਿੰਘ
ਪ੍ਰਧਾਨ ਜ਼ਿਲ੍ਹਾ ਗੁਰਦਾਸਪੁਰ

ਹਿਊਮਨ ਰਾਈਟਸ ਸੁਰੱਕਸ਼ਾ ਸੁਸਾਇਟੀ

ਐੱਸ.ਡੀ.ਓ. ਸੁਖਦੇਵ ਸਿੰਘ ਚਾਹਲ
ਜ਼ਿਲ੍ਹਾ ਵਾਈਸ ਪ੍ਰਧਾਨ

ਪਾਵਰਕਾਮ ਵਿਭਾਗ ਪੰਜਾਬ

ਗੁਰਿੰਦਰ ਸਿੰਘ ਖੈਹਿਰਾ
ਜੇ ਈ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਸ਼ਿਵਦੇਵ ਸਿੰਘ ਚੌਧਰਪੁਰ
ਐੱਸ ਡੀ ਓ ਪਾਵਰਕਾਮ ਵਿਭਾਗ

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਬ-ਡਵੀਜ਼ਨ ਡੇਹਰੀਵਾਲ ਦਰੋਗਾ (ਜ਼ਿਲ੍ਹਾ ਗੁਰਦਾਸਪੁਰ)

ਬਲਵਿੰਦਰ ਸਿੰਘ ਉਦੀਪੁਰ
ਸਰਕਲ ਪ੍ਰਧਾਨ

ਧਰਮ ਸਿੰਘ ਜਫਰਵਾਲ
ਸਰਪ੍ਰਸਤ

ਜ਼ਫਰੀਰ ਸਿੰਘ ਬਿੱਟੂ
ਪ੍ਰਧਾਨ

ਯਾਦਵਿੰਦਰ ਸਿੰਘ
ਸਹਾਇਕ ਸਕੱਤਰ

ਕੁਲਵਿੰਦਰ ਸਿੰਘ
ਸਲਾਹਕਾਰ

ਕੁਲਦੀਪ ਸਿੰਘ
ਸਹਾਇਕ ਕੈਸ਼ੀਅਰ

ਭੁਪਿੰਦਰ ਸਿੰਘ
ਸਕੱਤਰ

ਰਣਧੀਰ ਸਿੰਘ ਕਾਹਲੋਂ
ਸੈਕਟਰੀ ਸਰਕਲ ਗੁਰਦਾਸਪੁਰ
ਪੀ ਐੱਸ ਈ ਬੀ ਇੰਪ. ਫੈਡ. ਏਟਕ

ਨਿਸ਼ਾਨ ਸਿੰਘ ਸੋਹਲ
ਪ੍ਰਧਾਨ ਮੰਡਲ ਧਾਰੀਵਾਲ
ਪੀ ਐੱਸ ਈ ਬੀ ਇੰਪ. ਫੈਡ. ਏਟਕ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਕਾਂਗਰਸ ਪਾਰਟੀ ਵਿਧਾਨ ਸਭਾ ਹਲਕਾ ਕਾਦੀਆਂ

ਸ੍ਰ. ਪ੍ਰਤਾਪ ਸਿੰਘ ਬਾਜਵਾ
ਵਿਧਾਇਕ ਹਲਕਾ ਕਾਦੀਆਂ

ਜੱਗਬੀਰ ਸਿੰਘ ਚਾਹਲ
ਸਰਪੰਚ ਪਿੰਡ ਖਾਨਮਲੱਕ

ਸਤਵਿੰਦਰ ਸਿੰਘ ਗੋਰਾਇਆ
ਸਰਪੰਚ ਪਿੰਡ ਫੈਜਉਲਾਚੱਕ

ਬਲਵਿੰਦਰ ਪਾਲ ਟਾਕ
ਸਰਪੰਚ ਪਿੰਡ ਫੱਜੂਪੁਰ

ਗੁਰਮੁੱਖ ਸਿੰਘ ਪੰਧੇਰ
ਸਰਪੰਚ ਪਿੰਡ ਧਾਰੀਵਾਲ ਕਲਾਂ

ਮਨਿੰਦਰ ਸਿੰਘ
ਸਰਪੰਚ ਪਿੰਡ ਪੀਰ ਦੀ ਜ਼ੈਨ

ਵਿਲਸਨ ਮਸੀਹ
ਸਰਪੰਚ ਪਿੰਡ ਦੀਨਪੁਰ

ਨਰਿੰਦਰ ਸਿੰਘ ਸਾਬਾ
ਸੀਨੀਅਰ ਯੂਥ ਆਗੂ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਲੈਕ. ਜਸਬੀਰ ਸਿੰਘ ਮਾਨ
ਮੋਬਾਇਲ : 94635-21449

ਮਾਨ ਹੈਂਡਲੂਮਜ਼ ਅਤੇ ਪੱਗੜੀ ਹਾਊਸ
ਨਵੀਂ ਅਬਾਦੀ (ਬਟਾਲਾ ਰੋਡ) ਧਾਰੀਵਾਲ

Subhas Jamba
Mob.-9814582073, 8360133775

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

SUBHAS ELECTRONICS
Mission Hospital Road Dhariwal

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ

ਸ੍ਰ. ਮਨਮੋਹਨ ਸਿੰਘ
ਏ ਡੀ ਸੀ (ਵਿਕਾਸ) ਗੁਰਦਾਸਪੁਰ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਸਤੀਸ਼ ਕੁਮਾਰ
ਡੀ ਡੀ ਪੀ ਓ, ਗੁਰਦਾਸਪੁਰ

ਸ੍ਰ. ਕੁਲਵੰਤ ਸਿੰਘ
ਬੀ ਡੀ ਪੀ ਓ ਬਲਾਕ ਧਾਰੀਵਾਲ

ਸ੍ਰ. ਗੁਰਪ੍ਰੀਤ ਸਿੰਘ ਭੁੱਲਰ
ਬੀ ਡੀ ਪੀ ਓ ਬਲਾਕ ਕਾਦੀਆਂ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ

ਰਵੇਲ ਸਿੰਘ ਸਹਾਇਪੁਰ
ਸੂਬਾ ਪ੍ਰਧਾਨ

ਸੁਖਵਿੰਦਰ ਸਿੰਘ ਗਿੱਲ
ਸਕੱਤਰ ਸਰਕਲ ਗੁਰਦਾਸਪੁਰ

ਜਸਵਿੰਦਰ ਸਿੰਘ ਗਿੱਲ
ਪ੍ਰਧਾਨ ਮੰਡਲ ਧਾਰੀਵਾਲ

ਸਰਵਣ ਸਿੰਘ ਚੀਮਾ
ਫੋਰਮੈਨ

ਰਛਪਾਲ ਸਿੰਘ ਜਫਰਵਾਲ
ਸੀ ਸੀ ਡੇਰਾਰੀਵਾਲ ਸ/ਡ

ਜਥੇ. ਸਰਵਨ ਸਿੰਘ ਸੇਵਕ ਸੀਨੀਅਰ ਅਕਾਲੀ ਆਗੂ ਹਲਕਾ ਦੀਨਾਨਗਰ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਕੁਲਬੀਰ ਸਿੰਘ ਬਲਾਕ ਪ੍ਰੋਗਰਾਮ ਮੈਨੇਜਰ ਧਾਰੀਵਾਲ ਅਜੀਵਿਕਾ ਮਿਸ਼ਨ

ਮਾ. ਸਰਬਜੀਤ ਸਿੰਘ ਚੌਧਰਪੁਰ ਆਗੂ ਦੀ ਦੀ ਦੀ ਯੂਨੀਅਨ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

ਵੱਲੋਂ-ਸ੍ਰ. ਅਮਰਜੀਤ ਸਿੰਘ ਹੈਪੀ
ਪ੍ਰਧਾਨ, ਗੁਰਦੁਆਰਾ ਬੇਬੇ ਨਾਨਕੀ ਜੀ ਧਾਰੀਵਾਲ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਦੀਆਂ ਲੱਖ-ਲੱਖ ਵਧਾਈਆਂ

Dr. R.S. Randhawa
M.B.B.S., M.D., F.R.H.S
Consultant Heart & Infertility Diseases
Ruby Hospital & Diagnostic Center
(Mang. By World Aids Relief Mission (Society) 5098
Adda Dehriwal Daroga (GSP.)
Resi : Partap Nagar, Railway Road, Qadian-143516 (Gsp.)
M : 98143-49366, 98772-24216

Dr. R.S. Randhawa

ਅਜੀਤ ਸਿੰਘ ਰਾਣਾ ਰਾਏਚੱਕ
ਸੀਨੀਅਰ ਆਗੂ ਅਕਾਲੀ ਦਲ ਬਾਦਲ

ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਤੋਂ ਪੱਤਰਕਾਰ ਮਨਦੀਪ ਸਿੰਘ ਵਿੱਕੀ ਵੱਲੋਂ ਅਖਬਾਰ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ